Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 218 Tuesday, November 10, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਟਰੂਡੋ ਨੂੰ ਕੋਵਿਡ-19 ਸਬੰਧੀ ਵੈਕਸੀਨ 2021 ਦੇ ਸ਼ੁਰੂ ਵਿੱਚ ਮਿਲਣ ਦੀ ਆਸ

ਓਟਵਾ, 9 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਕੋਵਿਡ-19 ਵੈਕਸੀਨ ਅਗਲੇ ਸਾਲ ਤੱਕ ਕੈਨੇਡਾ ਨੂੰ ਮਿਲ ਜਾਵੇਗੀ। ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਚੇਤਾਵਨੀ ਵੀ ਦਿੱਤੀ ਕਿ ਜਿਸ ਤਰ੍ਹਾਂ ਕਈ ਪ੍ਰੋਵਿੰਸਾਂ ਵਿੱਚ ਕਰੋਨਾਵਾਇਰਸ ਦੇ ਮਾਮਲਿਆਂ ਵਿੱਚ ਇਜਾਫਾ ਵੇਖਣ ਨੂੰ ਮਿਲ ਰਿਹਾ ਹੈ ਉਸ ਤੋਂ ਨਹੀਂ ਲੱਗਦਾ ਕਿ ਵੈਕਸੀਨ ਮਿਲਣ ਤੋਂ ਬਾਅਦ ਵੀ ਇਸ ਵਾਇਰਸ ਉੱਤੇ ਫੌਰੀ ਤੌਰ ਉੱਤੇ ਠੱਲ੍ਹ ਪਾਈ ਜਾ ਸਕੇ।



ਟਰੂਡੋ ਨੇ ਆਖਿਆ ਕਿ ਫਾਈਜ਼ਰ ਵੱਲੋਂ ਤਿਆਰ ਵੈਕਸੀਨ ਦੇ ਕਲੀਨਿਕਲ ਟ੍ਰਾਇਲ ਕਾਫੀ ਸਫਲ ਰਹਿਣ ਤੋਂ ਬਾਅਦ ਉਨ੍ਹਾਂ ਨੂੰ ਕਾਫੀ ਹੌਸਲਾ ਮਿਲਿਆ ਹੈ ਪਰ ਇਸ ਦੌਰਾਨ ਜੇ ਕਿਸੇ ਨੂੰ ਵਾਇਰਸ ਹੁੰਦਾ ਹੈ ਤਾਂ ਉਸ ਦੀ ਮਦਦ ਕਰਨੀ ਔਖੀ ਹੋਵੇਗੀ। ਓਟਵਾ ਵਿੱਚ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਹੋਰ ਵੈਕਸੀਨ ਤਿਆਰ ਕਰਨ ਵਾਲੀਆਂ ਕੰਪਨੀਆਂ ਵੱਲੋਂ ਵੀ ਬਿਹਤਰ ਨਤੀਜਿਆਂ ਦੀ ਗੱਲ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਸਾਡੇ ਵਿਗਿਆਨੀ ਸਖ਼ਤ ਮਿਹਨਤ ਕਰ ਰਹੇ ਹਨ ਜਿਸ ਕਾਰਨ ਸਾਡੀ ਆਸ ਪੱਕੀ ਹੋਈ ਹੈ। ਪਰ ਸਾਨੂੰ ਆਪਣੇ ਵੱਲੋਂ ਵੀ ਕੋਸ਼ਿਸ਼ ਜਾਰੀ ਰੱਖਣੀ ਹੋਵੇਗੀ। ਸਾਨੂੰ ਮਜ਼ਬੂਤ ਰਹਿੰਦਿਆਂ ਹੋਇਆਂ ਕੁੱਝ ਹੋਰ ਮਹੀਨਿਆਂ ਦਾ ਸਮਾਂ ਕੱਢਣਾ ਹੋਵੇਗਾ ਤੇ ਓਨੇ ਚਿਰ ਨੂੰ ਸਾਨੂੰ ਵੈਕਸੀਨ ਮਿਲ ਹੀ ਜਾਵੇਗੀ। ਜ਼ਿਕਰਯੋਗ ਹੈ ਕਿ ਕੈਨੇਡਾ ਨੇ ਕਈ ਸਪਲਾਇਰਜ਼ ਤੋਂ ਵੈਕਸੀਨ ਦੀਆਂ 300 ਮਿਲੀਅਨ ਡੋਜ਼ਿਜ਼ ਦੇ ਅਧਿਕਾਰ ਖਰੀਦੇ ਹਨ ਤੇ ਫਾਈਜ਼ਰ ਨਾਲ ਵੀ 20 ਮਿਲੀਅਨ ਡੋਜ਼ਿਜ਼ ਦਾ ਕਰਾਰ ਹੋਇਆ ਹੈ।

## ਫਾਈਜ਼ਰ ਨੇ ਕੋਵਿਡ-19 ਵੈਕਸੀਨ 90 ਫੀ ਸਦੀ ਅਸਰਦਾਰ ਹੋਣ ਦਾ ਕੀਤਾ ਦਾਅਵਾ

ਓਟਵਾ, 9 ਨਵੰਬਰ (ਪੋਸਟ ਬਿਊਰੋ) : ਦਵਾਈਆਂ ਬਣਾਉਣ ਵਾਲੀ ਕੰਪਨੀ ਫਾਈਜ਼ਰ ਦਾ ਕਹਿਣਾ ਹੈ ਕਿ ਉਸ ਦੀ ਕਰੋਨਾਵਾਇਰਸ ਵੈਕਸੀਨ ਸਬੰਧੀ ਡਾਟਾ ਉੱਤੇ ਮੁੱਢਲੀ ਝਾਤੀ ਮਾਰੇ ਜਾਣ ਤੋਂ ਇਹ ਸਾਹਮਣੇ ਆਇਆ ਹੈ ਕਿ ਇਹ ਵੈਕਸੀਨ 90 ਫੀ ਸਦੀ ਅਸਰਦਾਰ ਹੈ। ਕੰਪਨੀ ਦਾ ਦਾਅਵਾ ਹੈ ਕਿ ਜਿਸ ਤਰ੍ਹਾਂ ਇਸ ਦੇ ਨਤੀਜੇ ਆਉਣ ਦੀ ਸੰਭਾਵਨਾ ਸੀ ਉਸ ਨਾਲੋਂ ਵੀ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ।



ਤਥਾ ਕਥਿਤ ਅੰਤਰਿਮ ਵਿਸ਼ਲੇਸ਼ਣ ਵਿੱਚ ਕੋਵਿਡ-19 ਦੇ 94 ਪੁਸ਼ਟ ਮਾਮਲਿਆਂ ਦੀ ਜਾਂਚ ਕੀਤੀ ਗਈ। ਇਹ ਮਾਮਲੇ 43000 ਉਨ੍ਹਾਂ ਵਾਲੰਟੀਅਰਜ਼ ਵਿੱਚੋਂ ਸਨ ਜਿਨ੍ਹਾਂ ਨੇ ਇਸ ਵੈਕਸੀਨ ਦੀਆਂ ਦੋ ਡੋਜ਼ਾਂ ਲਈਆਂ ਸਨ ਤੇ ਜਾਂ ਫਿਰ ਉਨ੍ਹਾਂ ਨੂੰ ਪਲੇਸੀਬੋ ਦਿੱਤੀ ਗਈ ਸੀ।ਇਹ ਪਾਇਆ ਗਿਆ ਕਿ ਇਹ ਇਨਫੈਕਸ਼ਨ ਇਸ ਟੈਸਟ ਵਿੱਚ ਹਿੱਸਾ ਲੈਣ ਵਾਲੇ ਵਾਲੰਟੀਅਰਜ਼ ਵਿੱਚੋਂ 10 ਫੀ ਸਦੀ ਵਿੱਚ ਸੀ। ਫਾਈਜ਼ਰ ਨੇ ਆਖਿਆ ਕਿ ਵੈਕਸੀਨ ਕਾਰਨ ਦੂਜੀ ਡੋਜ਼ ਤੋਂ ਸੱਤ ਦਿਨ ਬਾਅਦ ਅਤੇ ਵੈਕਸੀਨ ਦੀ ਸ਼ੁਰੂਆਤੀ ਡੋਜ਼ ਤੋਂ 28 ਦਿਨ ਬਾਅਦ ਪ੍ਰੋਟੈਕਸ਼ਨ ਮੁਹੱਈਆ ਕਰਵਾਈ ਗਈ। ਕੰਪਨੀ ਨੇ ਇਹ ਵੀ ਆਖਿਆ ਕਿ ਇਨ੍ਹਾਂ ਟ੍ਰਾਇਲਜ਼ ਦਾ ਫਾਈਨਲ ਟੀਚਾ ਕਰੋਨਾਵਾਇਰਸ ਇਨਫੈਕਸ਼ਨ ਦੇ 164 ਪੁਸ਼ਟ ਮਾਮਲਿਆਂ ਤੱਕ ਪਹੁੰਚਣਾ ਹੈ। ਇੱਕ ਨਿਊਜ਼ ਰਲੀਜ਼ ਵਿੱਚ ਇਸ ਫਾਰਮਾਸਿਊਟੀਕਲ ਕੰਪਨੀ ਨੇ ਆਖਿਆ ਕਿ ਦੋ ਮਹੀਨੇ ਤੱਕ ਵਾਲੰਟੀਅਰਜ਼ ਉੱਤੇ ਨਿਗਰਾਨੀ ਰੱਖਣ ਤੋਂ ਬਾਅਦ ਉਹ ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਤੋਂ ਇਸ ਵੈਕਸੀਨ ਦੀ ਐਮਰਜੰਸੀ ਵਰਤੋਂ ਲਈ ਅਧਿਕਾਰ ਦੇਣ ਦੀ ਯੋਜਨਾ ਬਣਾ ਰਹੇ ਹਨ।

## 5 ਡਾਲਰ ਦੇ ਨੋਟ 'ਤੇ ਹੁਣ ਕਿਸਦੀ ਛਪੇਗੀ ਤਸਵੀਰ ?



ਓਟਵਾ, 9 ਨਵੰਬਰ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਉਨ੍ਹਾਂ ਅੱਠ ਮਹਾਨ ਹਸਤੀਆਂ ਦੀ ਲਿਸਟ ਜਾਰੀ ਕੀਤੀ ਜਾ ਰਹੀ ਹੈ ਜਿਨ੍ਹਾਂ ਵਿੱਚੋਂ ਕੋਈ ਇੱਕ ਅਗਲੇ 5 ਡਾਲਰ ਦੇ ਨੋਟ ਉੱਤੇ ਛਪੇਗੀ।

ਇਨ੍ਹਾਂ ਅੱਠ ਵਿੱਚੋਂ ਵੀ ਸੱਭ ਤੋਂ ਮੂਹਰੇ ਰਹਿਣ ਵਾਲਿਆਂ ਵਿੱਚ ਕੈਨੇਡੀਅਨ ਫਰਸਟ ਨੇਸ਼ਨਜ਼ ਸੈਨਿਕ, ਸਿਆਸਤਦਾਨ ਤੇ ਕਾਰਕੁੰਨ ਫਰਾਂਸਿਸ ਪੇਗਾਹਮਾਗਾਬੋਅ, ਟੈਰੀ ਫੌਕਸ ਤੇ ਲੌਟਾ ਹਿਟਸ਼ਮਾਨੋਵਾ ਸ਼ਾਮਲ ਹਨ। ਪੇਗਾਹਮਾਗਾਬੋਅ ਕੈਨੇਡੀਅਨ ਸੈਨਾ ਦੇ ਸੱਭ ਤੋਂ ਵੱਧ ਸਨਮਾਨਿਤ ਮੂਲਵਾਸੀ ਸੈਨਿਕ ਸਨ। ਟੈਰੀ ਫੌਕਸ ਦੀ 1980 ਵਿੱਚ ਚਲਾਈ ਗਈ ਮੈਰਾਥਨ ਆਫ ਹੋਪ ਅੱਜ ਵੀ ਕੈਂਸਰ ਲਈ ਕੈਨੇਡੀਅਨਾਂ ਨੂੰ ਪੈਸੇ ਇੱਕਠੇ ਕਰਨ ਲਈ ਪ੍ਰੇਰਿਤ ਕਰਦੀ ਹੈ। ਲੌਟਾ ਹਿਟਸ਼ਮਾਨੋਵਾ ਇੱਕ ਮਾਨਵਤਾਵਾਦੀ ਸ਼ਖਸੀਅਤ ਸੀ, ਜਿਸ ਨੂੰ ਕੈਨੇਡਾ ਦੀ ਮਦਰ ਟੈਰੇਸਾ ਵਜੋਂ ਵੀ ਜਾਣਿਆ ਜਾਂਦਾ ਹੈ।

ਇਹ ਉਹ ਨਾਂ ਹਨ ਜਿਹੜੇ ਛੇ ਹਫਤਿਆਂ ਤੱਕ ਚੱਲੀ ਪਬਲਿਕ ਕੰਸਲਟੇਸ਼ਨ ਵਿੱਚ ਕੈਨੇਡੀਅਨਾਂ ਵੱਲੋਂ ਜਮ੍ਹਾਂ ਕਰਵਾਏ ਗਏ 600 ਨਾਂਵਾਂ ਵਿੱਚੋਂ ਸੱਭ ਤੋਂ ਮੂਹਰੇ ਰਹੇ। ਇਸ ਸਮੇਂ ਕੈਨੇਡਾ ਦੇ 5 ਡਾਲਰ ਦੇ ਨੋਟ ਉੱਤੇ ਕੈਨੇਡਾ ਦੇ ਪਹਿਲੇ ਫਰੈਂਚ ਬੋਲਣ ਵਾਲੇ ਪ੍ਰਧਾਨ ਮੰਤਰੀ ਸਰ ਵਿਲਫਰਿਡ ਲੌਰੀਅਰ ਦੀ ਤਸਵੀਰ ਛਪੀ ਹੁੰਦੀ ਹੈ। ਅਗਲੇ ਸਾਲ ਦੇ ਸ਼ੁਰੂ ਵਿੱਚ ਵਿੱਤ ਮੰਤਰੀ ਵੱਲੋਂ ਜੇਤੂ ਸ਼ਖਸੀਅਤ ਦਾ ਐਲਾਨ ਕੀਤਾ ਜਾਵੇਗਾ।

## ਰੈੱਡ ਜ਼ੋਨ ਵਿੱਚ ਦਾਖਲ ਹੋਣ ਕਾਰਨ ਪੀਲ ਵਿੱਚ ਲਾਗੂ ਹੋਣਗੇ ਸਖ਼ਤ ਨਿਯਮ

ਟੋਰਾਂਟੋ, 9 ਨਵੰਬਰ (ਪੋਸਟ ਬਿਊਰੋ) : ਪੀਲ ਰੀਜਨ ਵਿੱਚ ਕੋਵਿਡ-19 ਕਰੈਕਡਾਊਨ ਅੱਜ ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਰੀਜਨ ਦੇ ਹੈਲਥ ਅਧਿਕਾਰੀਆਂ ਵੱਲੋਂ ਕਰੋਨਾਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਵਾਧੂ ਮਾਪਦੰਡ ਅਪਣਾਏ ਜਾ ਰਹੇ ਹਨ। ਇਸ ਇਲਾਕੇ ਨੂੰ ਫੋਰਡ ਸਰਕਾਰ ਦੇ ਨਵੇਂ ਕਲਰ ਕੋਡਿਡ ਅਸੈਸਮੈਂਟ ਸਿਸਟਮ ਤਹਿਤ ਲਾਲ ਰੰਗ ਵਿੱਚ ਰੱਖਿਆ ਗਿਆ ਹੈ। ਐਤਵਾਰ ਨੂੰ ਪ੍ਰੋਵਿੰਸ ਵੱਲੋਂ ਕਰੋਨਾਵਾਇਰਸ ਦੇ 1328 ਰਿਕਾਰਡ ਮਾਮਲੇ ਦਰਜ ਕੀਤੇ ਗਏ। ਇਹ ਮਾਮਲੇ ਸ਼ਨਿੱਚਰਵਾਰ ਨੂੰ ਦਰਜ ਕੀਤੇ,1132 ਮਾਮਲਿਆਂ ਨਾਲੋਂ ਵੀ ਕਿਤੇ ਜ਼ਿਆਦਾ ਸਨ। ...ਬਾਕੀ ਪੰਨਾ 3 'ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Toll Free: 1833 823 5439 | 647 783 0049

PEST PROBLEM ? Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.663.3944 | Office: 905.455.0648
info@atozpestcontroltoronto.com | www.atozpestcontroltoronto.com

START DELIVERING SMILES
Make someone's every day near you. Immediate hourly roles available at amazon.ca/apply
amazon




Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਰੈੱਡ ਜ਼ੋਨ ਵਿੱਚ ਦਾਖਲ ਹੋਣ ਕਾਰਨ ਪੀਲ ਵਿੱਚ ਲਾਗੂ ਹੋਣਗੇ ਸਖ਼ਤ ਨਿਯਮ

...ਪੰਨਾ 1 ਦਾ ਬਾਕੀ



ਐਤਵਾਰ ਨੂੰ ਰਿਕਾਰਡ ਕੀਤੇ ਨਵੇਂ ਮਾਮਲਿਆਂ ਵਿੱਚ ਟੋਰਾਂਟੋ ਵਿੱਚ 434, ਪੀਲ ਵਿੱਚ 385, ਯੌਰਕ ਰੀਜਨ ਵਿੱਚ 105, ਓਟਵਾ ਵਿੱਚ 71, ਹੈਮਿਲਟਨ ਵਿੱਚ 68 ਤੇ ਦਰਹਾਮ ਵਿੱਚ 56 ਮਾਮਲੇ ਸ਼ਾਮਲ ਹਨ। ਕੋਵਿਡ-19 ਦੇ ਮਾਮ-ਲਿਆਂ ਵਿੱਚ ਆਈ ਇਸ ਤਰ੍ਹਾਂ ਦੀ ਤੇਜ਼ੀ ਕਾਰਨ ਹੀ ਨਵੀਆਂ ਪਾਬੰਦੀਆਂ ਲਾਈਆਂ ਗਈਆਂ ਹਨ। ਨਵੇਂ ਸਿਸਟਮ ਤਹਿਤ ਸਿਰਫ ਪੀਲ ਹੀ ਅਜਿਹਾ ਰੀਜਨ ਹੈ ਜਿਸਨੂੰ ਰੈੱਡ ਜ਼ੋਨ ਵਿੱਚ ਰੱਖਿਆ ਗਿਆ ਹੈ। ਇਸ ਤੋਂ ਭਾਵ ਇਹ ਹੈ ਕਿ ਜਿੰਮਜ਼ ਤੇ ਰੈਸਟੋਰੈਂਟਸ ਦੀ ਇੰਡੋਰ ਸਮਰੱਥਾ ਸਿਰਫ 10 ਵਿਅਕਤੀ ਹੀ ਰੱਖੀ ਗਈ ਹੈ। ਪਰ ਪੀਲ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ. ਲਾਰੈਂਸ ਲੋਹ ਨੇ ਆਖਿਆ ਕਿ ਅੰਕੜੇ ਗਲਤ ਦਿਸ਼ਾ ਵੱਲ ਜਾ ਰਹੇ ਹਨ ਤੇ ਇਸ ਤੋਂ ਵੀ ਸਖ਼ਤ ਮਾਪਦੰਡ ਅਪਨਾਏ ਜਾਣ ਦੀ ਲੋੜ ਹੈ। ਹੁਣ ਬੈਂਕੁਏਟ ਹਾਲ ਬੰਦ ਹੋ ਚੁੱਕੇ ਹਨ, ਇੱਥੇ ਕਿਸੇ ਵੀ ਤਰ੍ਹਾਂ ਦੇ ਵਿਆਹ ਸਮਾਰੋਹ ਨਹੀਂ ਹੋ ਸਕਣਗੇ, ਧਾਰਮਿਕ ਈਵੈਂਟਸ ਵੀ ਵਰਚੂਅਲ ਹੋਣਗੇ ਤੇ ਆਉਣ ਵਾਲੇ ਹਫਤਿਆਂ ਵਿੱਚ ਘਰ ਦੇ ਜੀਆਂ ਨੂੰ ਛੱਡ ਕੇ ਕਿਸੇ ਹੋਰ ਬਾਹਰਲੇ ਵਿਅਕਤੀ ਨਾਲ ਮੇਲ ਜੋਲ ਦੀ ਵੀ ਇਜਾਜ਼ਤ ਨਹੀਂ ਹੋਵੇਗੀ।

# ਤੇਜ਼ ਧਾਰ ਹਥਿਆਰ ਨਾਲ ਕੀਤੇ ਗਏ ਵਾਰਾਂ ਕਾਰਨ ਇੱਕ ਜ਼ਖ਼ਮੀ



ਟੋਰਾਂਟੋ, 9 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਜੰਕਸ਼ਨ ਟ੍ਰਾਇਐਂਗਲ ਏਰੀਆ ਵਿੱਚ ਇੱਕ ਪਾਰਟੀ ਦੌਰਾਨ ਕਈ ਵਾਰੀ ਤੇਜ਼ ਧਾਰ ਹਥਿਆਰ ਨਾਲ ਵਾਰ ਕੀਤੇ ਜਾਣ ਤੋਂ ਬਾਅਦ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਰਾਤੀ 9:14 ਉੱਤੇ ਦੱਸਿਆ ਕਿ ਐਤਵਾਰ ਨੂੰ ਰਿਪੋਰਟ ਮਿਲਣ ਤੋਂ ਬਾਅਦ ਜਦੋਂ ਉਹ ਡੁਪੌਂਟ ਸਟਰੀਟ ਤੇ ਕੈਂਪਬੈਲ ਐਵਨਿਊ ਇਲਾਕੇ ਵਿੱਚ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਤੇਜ਼ ਧਾਰ ਹਥਿਆਰਾਂ ਦੇ ਵਾਰ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਵੱਲੋਂ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਉਹ ਇੱਕ ਪਤਲੀ ਕੱਦ ਕਾਠੀ ਵਾਲੇ ਮਸ਼ਕੂਕ ਦੀ ਭਾਲ ਕਰ ਰਹੇ ਹਨ। ਉਸ ਨੂੰ ਗ੍ਰੇਅ ਰੰਗ ਦਾ ਸਵੈਟਰ ਪਾਇਆ ਵੇਖਿਆ ਗਿਆ ਤੇ ਉਹ ਪੈਦਲ ਹੀ ਮੌਕਾ-ਏ-ਵਾਰਦਾਤ ਤੋਂ ਫਰਾਰ ਹੋ ਗਿਆ।

# ਕਿਚਨਰ ਦੇ ਰੈਸਟੋਰੈਂਟ ਵਿੱਚ ਕੋਵਿਡ-19 ਆਊਟਬ੍ਰੇਕ

## ਅਧਿਕਾਰੀਆਂ ਵੱਲੋਂ 175 ਲੋਕਾਂ ਨੂੰ ਆਈਸੋਲੇਟ ਹੋਣ ਦੀ ਸਲਾਹ





ਵਾਟਰਲੂ, 9 ਨਵੰਬਰ (ਪੋਸਟ ਬਿਊਰੋ) : ਵਾਟਰਲੂ ਰੀਜਨ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਇੱਕ ਲੋਕਲ ਰੈਸਟੋਰੈਂਟ ਜਾਣ ਵਾਲੇ ਲੋਕਾਂ ਨੂੰ ਕੋਵਿਡ-19 ਆਊਟਬ੍ਰੇਕ ਤੋਂ ਬਾਅਦ ਸੈਲਫ ਆਈਸੋਲੇਟ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਕਿਚਨਰ, ਓਨਟਾਰੀਓ ਵਿੱਚ ਅਲਗਾਰਵ ਰੈਸਟੋਰੈਂਟ ਨਾਲ ਸਬੰਧਤ ਛੇ ਮਾਮਲਿਆਂ ਦੀ ਪੁਸ਼ਟੀ ਹੋਈ ਹੈ। ਵਾਟਰਲੂ ਪਬਲਿਕ ਹੈਲਥ ਦੇ ਦੱਸਣ ਮੁਤਾਬਕ 27 ਅਕਤੂਬਰ ਤੋਂ 4 ਨਵੰਬਰ ਦਰਮਿਆਨ 175 ਲੋਕ ਵਾਇਰਸ ਦਾ ਸ਼ਿਕਾਰ ਹੋਏ ਹੋ ਸਕਦੇ ਹਨ। ਇਸ ਅਰਸੇ ਦੌਰਾਨ ਇਸ ਰੈਸਟੋਰੈਂਟ ਦਾ ਦੌਰਾ ਕਰਨ ਵਾਲੇ ਲੋਕਾਂ ਨੂੰ ਅਧਿਕਾਰੀਆਂ ਵੱਲੋਂ 14 ਦਿਨ ਲਈ ਕੁਆਰਨਟੀਨ ਹੋਣ ਦੀ ਅਤੇ ਟੈਸਟ ਕਰਵਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ।

ਅਲਗਾਰਵ ਰੈਸਟੋਰੈਂਟ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਪਬਲਿਕ ਹੈਲਥ ਅਨੁਸ-ਾਰ ਇਸ ਗੱਲ ਦੇ ਪੁਖਤਾ ਸਬੂਤ ਹਨ ਜਿੱਥੇ ਰੈਸਟੋਰੈਂਟ ਤੇ ਹੋਰਨਾਂ ਸੈਟਿੰਗਜ਼ ਵਿੱਚ ਹੋਏ ਇੱਕਠ ਕਾਰਨ ਕੋਵਿਡ-19 ਫੈਲਿਆ ਹੋਵੇ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਅਜਿਹੀਆਂ ਸੈਟਿੰਗਜ਼ ਵਿੱਚ ਹਾਈ ਰਿਸਕ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਨਾਲ ਸੰਪਰਕ ਵੀ ਕੀਤਾ ਗਿਆ ਹੈ।

# ਯੂਨੀਫੌਰ ਦੇ ਮੈਂਬਰਾਂ ਨੇ ਜਨਰਲ ਮੋਟਰਜ਼ ਨਾਲ ਤਿੰਨ ਸਾਲਾ ਕਰਾਰ ਨੂੰ ਦਿੱਤੀ ਮਨਜ਼ੂਰੀ

ਓਸ਼ਾਵਾ, 9 ਨਵੰਬਰ (ਪੋਸਟ ਬਿਊਰੋ) : ਯੂਨੀਫੌਰ ਦਾ ਕਹਿਣਾ ਹੈ ਕਿ ਜਨਰਲ ਮੋਟਰਜ਼ ਆਫ ਕੈਨੇਡਾ ਦੇ ਉਨ੍ਹਾਂ ਦੇ ਮੈਂਬਰਾਂ ਵਿੱਚੋਂ 85 ਫੀ ਸਦੀ ਵੱਲੋਂ ਨਵੇਂ ਤਿੰਨ ਸਾਲਾ ਸਮਝੌਤੇ ਦੇ ਹੱਕ ਵਿੱਚ ਵੋਟ ਪਾਈ ਗਈ ਹੈ. ਇਸ ਤੋਂ ਭਾਵ ਇਹ ਹੈ ਕਿ ਆਟੋਮੇਕਰ ਦੇ ਓਸ਼ਾਵਾ, ਓਨਟਾਰੀਓ ਸਥਿਤ ਅਸੈਂਬਲੀ ਪਲਾਂਟ ਵਿੱਚ ਉਤਪਾਦਨ ਦਾ ਕੰਮ ਜਲਦ ਸ਼ੁਰੂ ਹੋ ਜਾਵੇਗਾ.

ਇਸ ਡੀਲ ਤਹਿਤ ਸੇਂਟ ਕੈਥਰੀਨਜ਼, ਓਨਟਾਰੀਓ, ਓਸ਼ਾਵਾ ਤੇ ਵੁੱਡਸਟਾਕ, ਓਨਟਾਰੀਓ ਦੇ 1700 ਵਰਕਰਜ਼ ਕਵਰ ਹੋਣਗੇ. ਯੂਨੀਫੌਰ ਦੀ ਜੀਐਮ ਮਾਸਟਰ ਬਾਰਗੇਨਿੰਗ ਕਮੇਟੀ ਦੇ ਚੇਅਰਮੈਨ ਟਿੰਮ ਮੈਕਿਨਨ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਉਹ ਇਸ ਸਹਿਯੋਗ ਲਈ ਆਪਣੇ ਸਾਰੇ ਮੈਂਬਰਾਂ ਨੂੰ ਧੰਨਵਾਦ ਦੇਣਾ ਚਾਹੁਣਗੇ. ਉਨ੍ਹਾਂ ਆਖਿਆ ਕਿ ਇਸ ਤੋਂ ਸਿੱਧ ਹੁੰਦਾ ਹੈ ਕਿ ਜੇ ਅਸੀਂ ਸਾਰੇ ਇੱਕਜੁੱਟ ਹੋ ਕੇ ਰਹੀਏ ਤਾਂ ਅਸੀਂ ਤਾਕਤਵਰ ਫੋਰਸ ਹਾਂ ਤੇ ਅਸੀਂ ਆਪਣੇ ਸਾਰੇ ਮੈਂਬਰਾਂ ਲਈ ਜੌਬ ਸਕਿਊਰਿਟੀ ਤੇ ਹੋਰ ਮੁਨਾਫੇ ਹਾਸਲ ਕਰ ਸਕਦੇ ਹਾਂ. ਆਟੋ ਇੰਡਸਟਰੀ ਦਾ ਭਵਿੱਖ ਯਕੀਨਨ ਹੈ ਤੇ ਇਹ ਭਵਿੱਖ ਮੇਡ ਇਨ ਕੈਨੇਡਾ ਹੈ. ਇਸ ਸਮਝੌਤੇ ਤਹਿਤ ਜੀਐਮ ਵੱਲੋਂ ਨਵੇਂ ਨਿਵੇਸ਼ ਦੀ ਯੋਜਨਾ ਵੀ ਬਣਾਈ ਗਈ ਹੈ. ਜਿਸ ਤਹਿਤ ਓਸ਼ਾਵਾ ਲਈ ਇੱਕ ਬਿਲੀਅਨ ਡਾਲਰ ਤੋਂ ਲੈ ਕੇ 13 ਬਿਲੀਅਨ ਡਾਲਰ, ਸੇਂਟ ਕੈਥਰੀਨਜ਼ ਵਿੱਚ ਇੰਜਣ ਤੇ ਟਰਾਂਸਮਿਸ਼ਨ ਉਤਪਾਦਨ ਲਈ 109 ਮਿਲੀਅਨ ਡਾਲਰ ਤੇ ਵੁੱਡਸਟੌਕ ਪਾਰਟਸ ਡਿਸਟ੍ਰੀਬਿਊਸ਼ਨ ਸੈਂਟਰ ਲਈ 500,000 ਡਾਲਰ ਦਾ ਨਿਵੇਸ਼ ਕੀਤਾ ਜਾ ਸਕਦਾ ਹੈ.

ਜੀਐਮ ਕੈਨੇਡਾ ਦੇ ਪ੍ਰੈਜ਼ੀਡੈਂਟ ਸਕੌਟ ਬੈੱਲ ਨੇ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਇਹ ਨਿਵੇਸ਼ ਕੈਨੇਡਾ ਦੇ ਅਰਥਚਾਰੇ ਲਈ ਕਾਫੀ ਅਹਿਮ ਹੋਵੇਗਾ ਕਿਉਂਕਿ ਇਹ ਫੌਰੀ ਤੌਰ ਉੱਤੇ ਅਮਲ ਵਿੱਚ ਲਿਆਂਦਾ ਜਾਵੇਗਾ ਤੇ ਇਸ ਸਦਕਾ ਰੋਜ਼ਗਾਰ ਦੇ ਕਈ ਨਵੇਂ ਮੌਕੇ ਪੈਦਾ ਹੋਣਗੇ. ਬੈੱਲ ਨੇ ਅੱਗੇ ਆਖਿਆ ਕਿ ਉਤਪਾਦਨ ਦਾ ਕੰਮ ਮੁੜ ਓਸ਼ਾਵਾ ਲਿਆਉਣ ਦੇ ਕੁੱਝ ਹੋਰ ਅਹਿਮ ਕਾਰਨ ਵੀ ਹਨ. ਕੋਵਿਡ-19 ਦੌਰਾਨ ਪਿੱਕਅੱਪ ਟਰੱਕਸ ਦੀ ਮੰਗ ਕਾਫੀ ਜ਼ਿਆਦਾ ਰਹੀ ਤੇ ਸਗੋਂ ਇਸ ਮਹਾਂਮਾਰੀ ਦੇ ਦੌਰ ਵਿੱਚ ਇਸ ਵਿੱਚ ਵਾਧਾ ਹੀ ਹੋਇਆ. ਜੀਐਮ ਕੈਨੇਡਾ ਵੱਲੋਂ ਇਸ ਵਿੱਚ 40 ਫੀ ਸਦੀ ਵਾਧਾ ਦਰਜ ਕੀਤਾ ਗਿਆ.

# ਕਈ ਗੱਡੀਆਂ ਦੀ ਟੱਕਰ ਵਿੱਚ ਮਹਿਲਾ ਜ਼ਖ਼ਮੀ

ਨੌਰਥ ਯੌਰਕ, 9 ਨਵੰਬਰ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਕਈ ਗੱਡੀਆਂ ਦੀ ਆਪਸ ਵਿੱਚ ਹੋਈ ਟੱਕਰ ਤੋਂ ਬਾਅਦ ਇੱਕ ਬੱਚੇ ਸਮੇਤ ਕੁੱਝ ਲੋਕ ਕਾਰ ਵਿੱਚ ਫਸ ਗਏ ਜਦਕਿ ਇੱਕ ਮਹਿਲਾ ਜ਼ਖ਼ਮੀ ਹੋ ਗਈ।

ਇਹ ਹਾਦਸਾ ਸ਼ਾਮੀਂ 5:00 ਵਜੇ ਬਾਥਰਸਟ ਸਟਰੀਟ ਤੇ ਬੇਨਬ੍ਰਿੱਜ ਐਵਨਿਊ ਇਲਾਕੇ ਵਿੱਚ ਹੋਇਆ। ਹਾਦਸੇ ਦੀਆਂ ਖਬਰਾਂ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀ ਤੇ ਐਮਰਜੰਸੀ ਅਮਲੇ ਦੇ ਮੈਂਬਰ ਮੌਕੇ ਉੱਤੇ ਪਹੁੰਚੇ। ਪੁਲਿਸ ਨੇ ਦੱਸਿਆ ਕਿ ਇੱਕ ਡਰਾਈਵਰ ਨੇ ਰੈੱਡ ਲਾਈਟ ਕਰਾਸ ਕੀਤੀ ਤੇ ਉਹ ਕਈ ਗੱਡੀਆਂ ਨਾਲ ਟਕਰਾ ਗਿਆ। ਇੱਕ ਗੱਡੀ ਵਿੱਚ ਸਵਾਰ ਕੁੱਝ ਵਿਅਕਤੀਆਂ ਤੇ ਬੱਚੇ ਨੂੰ ਬਾਹਰ ਕੱਢਣ ਤੋਂ ਬਾਅਦ ਉਨ੍ਹਾਂ ਦੀ ਸਿਹਤ ਦਾ ਜਾਇਜ਼ਾ ਮੌਕੇ ਉੱਤੇ ਹੀ ਲਿਆ ਗਿਆ। ਸ਼ੁਰੂ ਵਿੱਚ ਪੁਲਿਸ ਨੇ ਆਖਿਆ ਕਿ ਇਸ ਘਟਨਾ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ ਤੇ ਮੌਕੇ ਉੱਤੇ ਦੂਜੀ ਐਂਬੂਲੈਂਸ ਵੀ ਸੱਦਣੀ ਪਈ।ਬਾਅਦ ਵਿੱਚ ਪੁਲਿਸ ਨੇ ਦੱਸਿਆ ਕਿ ਇੱਕ ਮਹਿਲਾ ਨੂੰ ਮਾਮੂਲੀ ਜ਼ਖ਼ਮਾਂ ਕਾਰਨ ਹਸਪਤਾਲ ਲਿਜਾਇਆ ਗਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਹਾਈ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਨੂੰ 328 ਪਾਵਨ ਸਰੂਪਾਂ ਦੇ ਕੇਸ ਵਿੱਚ ਨੋਟਿਸ ਜਾਰੀ

ਚੰਡੀਗੜ੍ਹ, 9 ਨਵੰਬਰ, (ਪੋਸਟ ਬਿਊਰੋ)- ਪੰਜਾਬ ਤੇਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਐੱਸ ਜੀ ਪੀ ਸੀ) ਦੇ ਕੁਝ ਮੁਲਾਜ਼ਮਾਂ ਦੀ ਪਟੀਸ਼ਨ ਉੱਤੇ ਸੁਣਵਾਈ ਪਿੱਛੋਂਐੱਸ ਜੀ ਪੀ ਸੀ ਅਤੇ ਇਸ ਦੇ ਸੈਕਟਰੀ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕਰ ਲਿਆ ਹੈ।

ਅੱਜ ਸੋਮਵਾਰ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਮੰਜਰੀ ਨਹਿਰੂ ਕੌਲ ਨੇ ਇਹ ਹੁਕਮਐੱਸ ਜੀ ਪੀ ਸੀਵੱਲੋਂਨੌਕਰੀ ਤੋਂ ਕੱਢ ਦਿੱਤੇਗਏ ਤਿੰਨ ਮੁਲਾਜ਼ਮਾਂਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਉੱਤੇ ਦਿੱਤਾ ਹੈ। ਐੱਸ ਜੀ ਪੀ ਸੀ ਵੱਲੋਂ ਕੱਢੇ ਗਏ ਸਹਾਇਕ ਸੈਕਟਰੀ (ਪ੍ਰੈੱਸ ਐਂਡ ਪਬਲੀਕੇਸ਼ਨ) ਗੁਰਬਚਨ ਸਿੰਘ, ਕਲਰਕ ਬਾਜ਼ ਸਿੰਘ ਅਤੇ ਹੋਰਾਂ ਨੇ ਨੌਕਰੀ ਤੋਂ ਆਪਣੀ ਬਰਖ਼ਾਸਤਗੀ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਗਾਇਬ ਹੋਣ ਦੇ ਕੇਸ ਦੀ ਜਾਂਚ ਪਿੱਛੋਂ ਇਨ੍ਹਾਂ ਤਿੰਨਾਂ ਨੂੰ ਬਰਖ਼ਾਸਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਇਨ੍ਹਾਂ ਨੇ ਪਟੀਸ਼ਨ ਵਿੱਚ ਦੋਸ਼ ਲਾਇਆ ਕਿ ਐੱਸ ਜੀ ਪੀ ਸੀਨੇ ਉਨ੍ਹਾਂ ਦੀ ਬਰਖਾਸਤਗੀ ਦੇ ਹੁਕਮਇਸ ਬਾਰੇ ਨਿਯਮਾਂ ਦੀ ਪੂਰੀ ਤਰ੍ਹਾਂ ਉਲੰਘਣਾ ਕਰ ਕੇ ਜਾਰੀ ਕੀਤੇ ਹਨ। ਇਨ੍ਹਾਂ ਤਿੰਨਾਂ ਨੇ ਇਸ ਕੇਸ ਵਿੱਚ ਖ਼ੁਦ ਨੂੰ ਨਿਰਦੋਸ਼ ਦੱਸਿਆ ਤੇ ਦੋਸ਼ ਲਾਇਆ ਹੈ ਕਿ ਇਸ ਕੇਸ ਵਿੱਚ ਵੱਡੇ ਅਧਿਕਾਰੀਆਂ ਨੂੰ ਬਚਾਉਣ ਲਈ ਉਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪੂਰੇ ਕੇਸ ਦੀਸਹੀ ਜਾਂਚ ਨਹੀਂ ਕੀਤੀ ਗਈ ਅਤੇ ਪਟੀਸ਼ਨਕਰਤਾ ਉੱਤੇ ਜੋ ਦੋਸ਼ ਲਾਏ ਗਏ, ਇਨ੍ਹਾਂ ਬਾਰੇ ਵਿੱਚ ਉਨ੍ਹਾਂ ਨੂੰ ਕੋਈ ਜਾਣਕਾਰੀ ਵੀ ਨਹੀਂਦਿੱਤੀ ਗਈ ਅਤੇ ਨਾ ਉਨ੍ਹਾਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਦਸਤਵੇਜ਼ਾਂ ਦੇ ਆਧਾਰ ਉੱਤੇ ਦੋਸ਼ ਲਾਏ ਗਏ, ਉਹ ਵੀ ਉਨ੍ਹਾਂ ਨੂੰ ਨਹੀਂ ਵਿਖਾਏ ਗਏ ਅਤੇ ਜਿਸ ਜਾਂਚ ਰਿਪੋਰਟ ਦੇ ਆਧਾਰ ਉੱਤੇ ਉਨ੍ਹਾਂ ਨੂੰ ਬਰਖਾਸਤ ਕੀਤਾ ਹੈ, ਉਹ ਰਿਪੋਰਟ ਵੀ ਉਨ੍ਹਾਂ ਨੂੰ ਨਹੀਂ ਦਿੱਤੀ ਗਈ ਤੇ ਉਨ੍ਹਾਂ ਨੂੰ ਕੋਈ ਨੋਟਿਸ ਵੀਨਹੀਂ ਦਿੱਤਾ ਗਿਆ, ਇਸ ਲਈ ਉਨ੍ਹਾਂ ਨੇ ਬਰਖਾਸਤਗੀ ਕਰਨ ਵਾਲੇ ਆਦੇਸ਼ ਰੱਦ ਕਰਨ ਦੀ ਮੰਗ ਕੀਤੀ ਹੈ। ਹਾਈ ਕੋਰਟ ਨੇ ਬਚਾਅ ਦੀਆਂ ਧਿਰਾਂ ਨੂੰ 15 ਮਾਰਚ ਤਕ ਜਵਾਬ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਲੰਘੀ ਚੋਣ ਬਿਹਾਰ ਦੀ, ਮਗਰ ਉਸ ਦੇ,
ਬੰਗਾਲ ਵਾਲੀ ਆ ਚੋਣ ਤਿਆਰ ਮੀਆਂ।
ਚੱਕਰ ਮੋਦੀ ਤੇ ਸ਼ਾਹ ਹਨ ਲਾਉਣ ਲੱਗੇ,
ਕਰਿਆ ਪਿਆ ਹੈ ਤੇਜ਼ ਪਰਚਾਰ ਮੀਆਂ।
ਮਮਤਾ ਬੀਬੀ ਵੀ ਸਾਹਮਣੇ ਘੱਟ ਨਾਹੀਂ,
ਕਿਤੇ ਵੀ ਰਹੀ ਨਾ ਘੱਟ ਗੁਜ਼ਾਰ ਮੀਆਂ।
ਗਲੀ-ਗਲੀ ਵਿੱਚ ਚੋਣ ਦੀ ਹੋਏ ਚਰਚਾ,
ਚੜ੍ਹਿਆ ਚੋਣਾਂ ਦਾ ਬਹੁਤ ਬੁਖਾਰ ਮੀਆਂ।
ਚਰਚਾ ਚੱਲੀ ਤੇ ਜਦੋਂ ਹੈ ਸੁਣੀ ਕਿਧਰੇ,
ਜਾਂਦੀ ਖਿਸਕ ਆ ਚੋਣ ਦੇ ਵੱਲ ਮੀਆਂ।
ਚਰਚਾ ਹੁੰਦੀ ਵਿਕਾਸ ਦੀ ਘੱਟ ਸੁਣਦੀ,
ਬਾਹਲਾ ਚੋਣ ਦਾ ਖੜਕਦਾ ਟੱਲ ਮੀਆਂ।

**ਤੀਸ ਮਾਰ ਖਾਂ**

# ਭਾਰਤ ਸਰਕਾਰ ਵੱਲੋਂ ਕਿਸਾਨਾਂ ਨੂੰ 13 ਨਵੰਬਰ ਨੂੰ ਫਿਰ ਗੱਲਬਾਤ ਦਾ ਸੱਦਾ

ਚੰਡੀਗੜ੍ਹ, 9 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰਦੇ ਹੋਏ ਪੰਜਾਬ ਦੇ ਕਿਸਾਨ ਸੰਗਠਨਾਂ ਦੇ ਆਗੂਆਂ ਨੂੰ ਲਗਭਗ ਇਕ ਮਹੀਨੇ ਬਾਅਦ ਇੱਕ ਵਾਰ ਫਿਰ ਗੱਲਬਾਤ ਕਰਨ ਦਾ ਸੱਦਾ ਦੇ ਦਿੱਤਾ ਗਿਆ ਹੈ। ਇਸ ਬਾਰੇ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਖੇਤੀ ਨਰਿੰਦਰ ਸਿੰਘ ਤੋਮਰ ਦੀ ਕਿਸਾਨ ਆਗੂਆਂ ਨਾਲ 13 ਨਵੰਬਰ ਨੂੰ ਮੀਟਿੰਗ ਰੱਖੀ ਗਈ ਹੈ, ਪਰ ਰੇਲਵੇ ਮੰਤਰੀ ਪੀਯੂਸ਼ ਗੋਇਲ ਇਸਮੀਟਿੰਗ ਵਿਚ ਸ਼ਾਮਲ ਹੋਣਗੇ ਜਾਂ ਨਾ ਨਹੀਂ, ਇਸਦਾਅਜੇਫ਼ੈਸਲਾ ਨਹੀਂ ਹੋ ਸਕਿਆ।ਦੂਸਰੇ ਪਾਸੇ 31 ਕਿਸਾਨ ਯੂਨੀਅਨਾਂ ਦੀ ਸਾਂਝੀ ਤਾਲਮੇਲ ਕਮੇਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਅਜੇ ਤਕ ਮੀਟਿੰਗ ਦਾ ਲਿਖਤੀ ਸੱਦਾ ਤੇ ਏਜੰਡਾ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਗੱਲਬਾਤ ਦਾ ਸੱਦਾ ਮਿਲਣ ਪਿੱਛੋਂ ਕਿਸਾਨਾਂ ਦੇ ਆਗੂ ਆਪਣੀ ਮੀਟਿੰਗ ਕਰ ਕੇ ਇਸ ਸੱਦੇ ਬਾਰੇ ਕੋਈ ਸਾਂਝਾ ਫੈਸਲਾ ਕਰਨਗੇ, ਪਰ ਜੇ ਸਰਕਾਰ ਗੱਲਬਾਤ ਲਈ ਰਾਜ਼ੀ ਹੈ ਤਾਂ ਰੇਲ ਗੱਡੀਆਂ ਚੱਲ ਪੈਣਗੀਆਂ। ਵਰਨਣ ਯੋਗ ਹੈ ਕਿ ਭਾਰਤ ਦੀਆਂ ਸਭ ਕਿਸਾਨ ਯੂਨੀਅਨਾਂ ਨੇ ਦੇਸ਼ ਪੱਧਰ ਉੱਤੇ ਸੰਘਰਸ਼ ਹੋਰ ਵੀਭਖਾਉਣ ਲਈ ਕਿਸਾਨਾਂ ਨੂੰ 26 ਤੇ 27 ਨਵੰਬਰ ਨੂੰ 'ਦਿੱਲੀ ਚੱਲੋ' ਦਾ ਸੱਦਾ ਦਿੱਤਾ ਹੋਇਆ ਹੈ। ਦਿੱਲੀ ਸਰਕਾਰ ਨੇ ਕਿਸਾਨਾਂ ਵੱਲੋਂ 26 ਅਤੇ 27 ਨਵੰਬਰ ਨੂੰ ਕੋਈ ਜਨਤਕ ਸਮਾਗਮ ਕਰਨ ਦੀ ਮਨਜ਼ੂਰੀ ਨਹੀਂ ਦਿੱਤੀ ਤੇ ਇਸ ਮਨਜ਼ੂਰੀ ਲਈ ਕਿਸਾਨ ਆਗੂਆਂ ਦੀਅਰਜ਼ੀ ਵੀ ਰੱਦ ਕਰ ਦਿੱਤੀ ਹੈ।



ਇਸ ਦੌਰਾਨ ਪਤਾ ਲੱਗਾ ਹੈ ਕਿ ਕੇਂਦਰੀ ਮੰਤਰੀਆਂ ਨਾਲ ਕਿਸਾਨ ਆਗੂਆਂ ਦੀ ਮੀਟਿੰਗ ਕਰਾਉਣ ਲਈ ਭਾਜਪਾ ਦੇ ਕੁਝ ਵੱਡੇ ਆਗੂਆਂ ਦੀ ਭੂਮਿਕਾ ਰਹੀ ਹੈ, ਜਿਨ੍ਹਾਂ ਵਿੱਚ ਪੰਜਾਬ ਭਾਜਪਾ ਦੇ ਆਗੂ ਅਤੇ ਸਾਬਕਾ ਮੰਤਰੀ ਸੁਰਜੀਤ ਕੁਮਾਰ ਜਿਆਣੀ, ਹਰਜੀਤ ਸਿੰਘ ਗਰੇਵਾਲ ਤੇ ਹੋਰ ਸ਼ਾਮਲ ਹਨ। ਇਨ੍ਹਾਂ ਨੇ ਐਤਵਾਰ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਹੋਰ ਮੰਤਰੀਆਂ ਦੇ ਨਾਲ ਮੁਲਾਕਾਤ ਕਰ ਕੇ ਕਿਸਾਨ ਮਸਲਾ ਸੁਲਝਾਉਣ ਦੀ ਬੇਨਤੀ ਕੀਤੀ ਸੀ। ਇਸ ਤੋਂ ਪਹਿਲਾਂ ਕੇਂਦਰੀ ਖੇਤੀ ਮੰਤਰਾਲੇ ਦੇ ਸੈਕਟਰੀ ਸੰਜੈ ਅਗਰਵਾਲ ਨੇ ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ 14 ਅਕਤੂਬਰ ਨੂੰ ਵੀ ਮੀਟਿੰਗ ਲਈ ਦਿੱਲੀ ਸੱਦਿਆ ਸੀ, ਪਰ ਉਸ ਵਿਚ ਖੇਤੀਬਾੜੀ ਮੰਤਰੀ ਖੁਦ ਨਾ ਹੋਣ ਕਾਰਨ ਮੀਟਿੰਗ ਬੇਨਤੀਜਾ ਰਹੀ ਸੀ।

ਪੰਜਾਬ ਦੇ ਕਿਸਾਨਾਂ ਨੇ ਇਕ ਅਕਤੂਬਰ ਤੋਂ ਅਣਮਿੱਥੇ ਸਮੇਂ ਲਈ ਧਰਨਾ ਦੇਣ ਦਾ ਐਲਾਨ ਕੀਤਾ ਹੋਇਆ ਸੀ ਅਤੇ ਇਸ ਕਾਰਨ ਉਨ੍ਹਾਂ ਨੇ ਰੇਲਵੇ ਲਾਈਨਾਂ, ਟੋਲ ਪਲਾਜ਼ਿਆਂ ਅਤੇ ਕਾਰੋਪਰੇਟ ਘਰਾਣਿਆਂ ਦੀਆਂ ਕੰਪਨੀਆਂ ਅਤੇ ਦਫ਼ਤਰਾਂ ਦੇ ਨਾਲ ਰਿਲਾਇੰਸ ਦੇ ਪੈਟਰੋਲ ਪੰਪਾਂ ਉੱਤੇਵੀ ਦਿਨ ਰਾਤ ਧਰਨੇ ਸ਼ੁਰੂ ਕਰ ਦਿੱਤੇ ਸਨ। ਇਸ ਸੰਘਰਸ਼ ਦੇ ਦੌਰਾਨ ਹੀ ਪੰਜਾਬ ਸਰਕਾਰ ਨੇ ਕਿਸਾਨਾਂ ਦੀ ਹਮਾਇਤ ਵਿੱਚ 20 ਅਕਤੂਬਰ ਨੂੰ ਪੰਜਾਬ ਵਿਧਾਨ ਸਭਾ ਵਿੱਚ ਕੇਂਦਰੀ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਦੇ ਤਿੰਨ ਬਿੱਲ ਪਾਸ ਕਰ ਦਿੱਤੇ ਸਨ, ਜਿਸ ਪਿੱਛੋਂ ਕਿਸਾਨਾਂ ਨੇ ਮਾਲ ਗੱਡੀਆਂ ਦਾ ਰਸਤਾ ਖੋਲ੍ਹਣ ਲਈ ਰੇਲਵੇ ਪਟੜੀਆਂ ਤੋਂ ਧਰਨੇ ਚੁੱਕ ਲਏ ਸਨ, ਪਰ ਮੁਸਾਫਰ ਗੱਡੀਆਂ ਨਾ ਚੱਲਣ ਦੇਣ ਦੀ ਗੱਲ ਕਹੀ ਸੀ। ਕਿਸਾਨਾਂ ਦੇ ਇਸ ਫੈਸਲੇ ਕਾਰਨ ਕੇਂਦਰ ਸਰਕਾਰ ਨੇ ਮਾਲ ਗੱਡੀਆਂ ਵੀਨਹੀਂਸੀ ਚਲਾਈਆਂ। ਅੱਗੋਂ ਫਿਰ ਸਾਰੇ ਦੇਸ਼ ਦੇ ਕਿਸਾਨ ਸੰਗਠਨਾਂ ਨੇ 26 ਅਤੇ 27 ਨਵੰਬਰ ਨੂੰ 'ਦਿੱਲੀ ਚੱਲੋ' ਦਾ ਸੱਦਾ ਦੇ ਦਿੱਤਾ ਹੈ। ਇਸ ਸੱਦੇ ਨੂੰ ਵੇਖਦੇ ਹੋਏ ਦੇਸ਼ ਦੀ ਰਾਜਧਾਨੀ ਵਿਚ ਕਿਸਾਨਾਂ ਦੇ ਇਕੱਠ ਨੂੰ ਟਾਲਣ ਲਈ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਗੱਲਬਾਤ ਦਾ ਰਾਹ ਫੜਿਆ ਹੈ।

# ਪੰਜਾਬ ਪੁਲਿਸ ਦੇ ਮੁਲਾਜ਼ਮ ਹੀ ਫਰਜ਼ੀ ਪਾਸਪੋਰਟ ਬਣਾਉਂਦੇ ਰਹੇ




ਐੱਸ ਏ ਐੱਸ ਨਗਰ (ਮੁਹਾਲੀ), 9 ਨਵੰਬਰ, (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੀ ਜ਼ੀਰਕਪੁਰ ਪੁਲਿਸ ਦੇ 2 ਮੁਲਾਜ਼ਮਾਂ ਵੱਲੋਂ ਜਾਅਲੀ ਪਾਸਪੋਰਟ ਬਣਾ ਕੇ ਦੇਣ ਦੇ ਕੇਸ ਵਿਚ ਇਕ ਹੋਰ ਨਾਮ ਪਤਾ ਲੱਗਾ ਹੈ। ਰਮਨ ਕੁਮਾਰ ਵਾਸੀਡੇਰਾਬਸੀ ਦੋਵਾਂ ਕਾਂਸਟੇਬਲਾਂ ਦੀ ਲੋਕਾਂ ਨਾਲ ਜਾਣ-ਪਛਾਣ ਕਰਾਉਂਦਾ ਸੀ ਅਤੇ ਇਨ੍ਹਾਂ ਤੋਂ ਪੈਸੇ ਨਾਲ ਜਾਅਲੀ ਪਾਸਪੋਰਟ ਮਿਲ ਜਾਂਦਾ ਸੀ। ਇਹ ਲੋਕ ਸਾਲ 2018 ਤੋਂ ਬਾਅਦ ਕਰੀਬ 40 ਜਾਅਲੀ ਪਾਸਪੋਰਟ ਬਣਾ ਚੁੱਕੇ ਹਨ ਅਤੇ ਇਨ੍ਹਾ ਦੇ ਬਣਾਏ ਫਰਜ਼ੀ ਪੋਸਟਪੋਰਟਾਂ ਵਿੱਚ ਇੱਕ ਗੈਂਗਸਟਰ ਦਾ ਨਾਮ ਵੀ ਸ਼ਾਮਲ ਹੈ। ਤਿੰਨੇ ਦੋਸ਼ੀ ਗ੍ਰਿਫ਼ਤਾਰ ਕਰ ਲਏ ਗਏ ਹਨ।

ਇਸ ਬਾਰੇ ਪੁਲੀਸ ਜਾਂਚ ਵਿੱਚ ਭੇਦ ਖੁੱਲ੍ਹਾ ਕਿ ਇਹ ਗੈਂਗ ਗਲਤ ਨਾਵਾਂ ਉੱਤੇ ਵੱਖ ਵੱਖ ਰਿਹਾਇਸ਼ੀ ਸੁਸਾਈਟੀਆਂ ਦੇ ਆਧਾਰ ਕਾਰਡ, ਜਾਅਲੀ ਵੋਟਰ ਕਾਰਡ ਅਤੇ ਜਾਅਲੀ ਸਰਟੀਫਿਕੇਟ ਬਣਾਉਂਦਾ ਸੀ। ਪਤਾ ਲੱਗਾ ਹੈ ਕਿ ਦੋਵੇਂ ਪੁਲੀਸ ਮੁਲਾਜ਼ਮਾਂ ਦਾ ਸਬੰਧ ਡੇਰਾਬੱਸੀ ਦੇਰਮਨ ਕੁਮਾਰ ਵਾਸੀ ਨਾਲ ਸੀ। ਮੋਹਾਲੀ ਦੇ ਐੱਸ ਐੱਸ ਪੀ ਨੇ ਦੱਸਿਆ ਕਿ ਇਹ ਲੋਕ ਜ਼ੀਰਕਪੁਰ ਵਿੱਚ ਰਿਹਾਇਸ਼ੀ ਸੁਸਾਈਟੀਆਂ ਦੇ ਪਤੇ ਉੱਤੇ ਜਾਅਲੀ ਆਧਾਰ ਕਾਰਡ, ਵੋਟਰ ਕਾਰਡ ਤੇ ਹੋਰਸਰਟੀਫਿਕੇਟ ਬਣਾ ਲੈਂਦੇ ਸਨ। ਰਮਨ ਕੁਮਾਰ ਇਹ ਸਭ ਜਾਅਲੀ ਦਸਤਾਵੇਜ਼ ਬਣਾ ਕੇ ਹੌਲਦਾਰ ਸੁਖਵੰਤ ਸਿੰਘ ਨੂੰ ਦਿੰਦਾ ਤੇ ਸੁਖਵੰਤ ਸਿੰਘ ਇਨ੍ਹਾਂ ਜਾਅਲੀ ਦਸਤਾਵੇਜ਼ਾਂ ਦੀ ਫਾਈਲ ਸਿਪਾਹੀ ਰਜਿੰਦਰ ਸਿੰਘ ਨੂੰ ਤਸਦੀਕ ਕਰਨ ਦੇ ਲਈ ਦਿੰਦਾ ਸੀ। ਸਿਪਾਹੀ ਰਾਜਿੰਦਰ ਸਿੰਘ ਇਨ੍ਹਾਂ ਨਕਲੀ ਦਸਤਾਵੇਜ਼ਾਂ ਦੀ ਤਸਦੀਕ ਕਰ ਕੇ ਅੱਗੇ ਭੇਜਦਾ ਤੇ ਇਸ ਅਧਾਰ ਉੱਤੇ ਜਾਅਲੀ ਪਾਸਪੋਰਟ ਬਣਵਾਏ ਗਏ ਸਨ। ਐੱਸ ਐੱਸ ਪੀ ਨੇ ਦੱਸਿਆ ਕਿ ਰਮਨ ਕੁਮਾਰ ਇਸ ਜਾਅਲੀ ਪਾਸਪੋਰਟ ਧੰਦੇ ਦਾ ਮੁਖੀਆ ਹੈ। ਇਸ ਜਾਅਲੀ ਪਾਸਪੋਰਟ ਬਣਾਉਣ ਵਾਲੇ ਗੈਂਗ ਉੱਤੇ ਜ਼ੀਰਕਪੁਰ ਥਾਣੇ ਵਿਚ 28 ਅਕਤੂਬਰ ਨੂੰ ਕੇਸ ਦਰਜ ਹੋਇਆ ਸੀ। ਐੱਸ ਐੱਸ ਪੀ ਨੇ ਦੱਸਿਆ ਕਿ ਇਸ ਕੇਸ ਵਿੱਚ ਦੋਵੇਂ ਪੁਲੀਸ ਮੁਲਾਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ ਅਤੇ ਅੱਗੇ ਦੀ ਜਾਂਚ ਜਾਰੀ ਹੈ।ਪਤਾ ਲੱਗਾ ਹੈ ਕਿ ਇਨ੍ਹਾਂ ਵੱਲੋਂ ਬਣਾਏ ਗਏ ਜਾਅਲੀ ਪਾਸਪੋਰਟਾਂ ਵਿੱਚ ਰਾਜੂ ਵਾਸੀ ਪਿੰਡ ਪੁਰਾਣੀ ਬਸੌਦੀ ਜ਼ਿਲ੍ਹਾ ਸੋਨੀਪਤ ਦਾ ਨਾਂਅ ਵੀ ਹੈ, ਜੋ ਬਦਨਾਮ ਗੈਂਗਸਟਰ ਹੈ ਤੇ ਹਰਿਆਣਾ ਵਿੱਚ ਕਈ ਕੇਸਾਂ ਦਾ ਭਗੌੜਾ ਹੈ। ਪੁਲਿਸ ਅਨੁਸਾਰ ਇਸ ਕੇਸ ਵਿੱਚ ਹੋਰ ਵੀ ਗਿਰਫ਼ਤਾਰੀਆਂ ਹੋ ਸਕਦੀਆਂ ਹਨ।

# ਪੰਜਾਬ ਵਿੱਚ ਰੇਲਾਂ ਬੰਦ ਕੀਤੇ ਜਾਣ ਬਾਰੇ ਹਾਈ ਕੋਰਟ ਨੇ ਭਾਰਤ ਸਰਕਾਰ ਤੋਂ ਰਿਪੋਰਟ ਮੰਗੀ

ਚੰਡੀਗੜ੍ਹ, 9 ਨਵੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਰੇਲ ਗੱਡੀਆਂ ਦੀ ਆਵਾਜਾਈ ਰੁਕੀ ਹੋਈ ਹੋਣ ਅਤੇ ਆਮ ਲੋਕਾਂ ਦੇ ਪ੍ਰੇਸ਼ਾਨ ਹੋਣ ਦਾ ਮੁੱਦਾ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਹੁੰਚ ਗਿਆ ਹੈ। ਇਸ ਬਾਰੇ ਅੱਜ ਸੋਮਵਾਰ ਹਾਈ ਕੋਰਟ ਵਿੱਚ ਪਟੀਸ਼ਨ ਦੀ ਸੁਣਵਾਈ ਮੌਕੇ ਪੰਜਾਬ ਦੇ ਐਡਵੋਕੇਟ ਜਨਰਲ ਨੇ ਕੋਰਟ ਨੂੰ ਦੱਸਿਆ ਕਿ ਇਸ ਰਾਜ ਦੇ ਸਾਰੇ ਰੇਲਵੇ ਟਰੈਕ ਖਾਲੀ ਕਰਾ ਲਏ ਹਨ। ਕੇਂਦਰ ਦੇ ਵਕੀਲ ਨੇ ਪੰਜਾਬ ਦੇ ਇਸ ਜਵਾਬ ਨਾਲ ਸਹਿਮਤੀ ਜਤਾਈ, ਜਿਸ ਪਿੱਛੋਂ ਹਾਈ ਕੋਰਟ ਨੇ ਭਾਰਤ ਸਰਕਾਰ ਨੂੰ 18 ਨਵੰਬਰ ਤੱਕ ਇਸ ਬਾਰੇਸਾਰੀ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ।



ਅਸਲ ਵਿੱਚ ਪੰਜਾਬ ਵਿੱਚ ਰੇਲ ਗੱਡੀਆਂ ਨਾ ਚੱਲਣਕਾਰਨ ਆਪਣੇ ਪਰਵਾਰਾਂ ਨਾਲ ਤਿਉਹਾਰ ਮਨਾਉਣ ਦੀ ਇੱਛਾ ਰੱਖਣ ਵਾਲੇ ਲੋਕਾਂ ਨੂੰ ਪਰੇਸ਼ਾਨੀ ਹੋ ਰਹੀ ਹੈ। ਬਿਹਾਰ ਤੇ ਉੱਤਰ ਪ੍ਰਦੇਸ਼ ਦੇ ਲੋਕ ਦੀਵਾਲੀ ਅਤੇ ਛੱਟ ਪੂਜਾ ਲਈ ਆਪਣੇ ਰਾਜਾਂ ਵੱਲ ਜਾਣਾ ਚਾਹੁੰਦੇ ਹਨ, ਪਰ ਸਥਿਤੀ ਸਪੱਸ਼ਟ ਨਹੀਂ ਕਿ ਗੱਡੀਆਂ ਕਦੋਂ ਚੱਲਣਗੀਆਂ। ਫੌਜੀਆਂ, ਪ੍ਰਵਾਸੀ ਮਜ਼ਦੂਰਾਂ ਤੇ ਦੂਰ ਦੇ ਰਾਜਾਂ ਵਿੱਚ ਕੰਮ ਕਰਦੇ ਲੋਕਾਂ ਲਈ ਇਸ ਨਾਲ ਬੜੀ ਮੁਸ਼ਕਲ ਹੈ। ਪੰਜਾਬ ਸਰਕਾਰ ਦੇ ਯਤਨਾਂ ਨਾਲ ਕਿਸਾਨਾਂ ਨੇ ਮਾਲ ਗੱਡੀਆਂ ਲਈ ਰੇਲਵੇ ਲਾਈਨਾ ਛੱਡਣ ਦੀ ਸਹਿਮਤੀ ਦੇ ਦਿੱਤੀ ਹੈ, ਪਰ ਕੇਂਦਰ ਨੇ ਗੱਡੀਆਂ ਨਹੀਂ ਚਲਾਈਆਂ ਤੇ ਇਹ ਜ਼ਿਦ ਕੀਤੀ ਹੈ ਕਿ ਯਾਤਰੀ ਗੱਡੀਆਂ ਚੱਲਣ ਤੱਕ ਕੋਈ ਗੱਡੀ ਨਹੀਂ ਚਲਾਉਣੀ। ਇਸ ਨਾਲ ਜੰਮੂ-ਕਸ਼ਮੀਰ ਅਤੇ ਦੂਸਰੇ ਰਾਜਾਂ ਵੱਲ ਜਾਣ ਵਾਲੇ ਫੌਜੀ ਜਾਂ ਸੁਰੱਖਿਆ ਬਲਾਂ ਦੇ ਜਵਾਨ ਵੀ ਪੰਜਾਬ ਵਿੱਚ ਤਿਉਹਾਰਾਂ ਦੀਆਂ ਖ਼ੁਸ਼ੀਆਂ ਮੌਕੇ ਪਰਿਵਾਰ ਤੱਕ ਪਹੁੰਚਣਤੋਂਰਹਿ ਗਏ ਹਨ, ਕਿਉਂਕਿ ਜੰਮੂ-ਕਸ਼ਮੀਰ ਲਈ ਇਕੋ ਇਕ ਰਸਤਾ ਜੰਮੂ-ਪਠਾਨਕੋਟ ਹੈ।

# ਕੈਪਟਨ ਅਮਰਿੰਦਰ ਨੇ ਰੇਲਵੇ ਵੱਲੋਂ ਮਾਲ ਗੱਡੀਆਂ ਨਾ ਚਲਾਉਣ ਨੂੰ ਸਿਰਫ ਇੱਕ ਢੁੱਚਰ ਦੱਸਿਆ

ਚੰਡੀਗੜ੍ਹ, 9 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰੇਲਵੇ ਵਿਭਾਗ ਵਲੋਂ ਮਾਲ ਗੱਡੀਆਂ ਚਲਾਉਣ ਨੂੰ ਯਾਤਰੀ ਗੱਡੀਆਂ ਨਾਲ ਜੋੜਨ ਦੇ ਫੈਸਲੇ ਦੀ ਨਿਖੇਧੀ ਕੀਤੀ ਅਤੇ ਇਸ ਨੂੰ ਤਰਕਹੀਣ ਢੁੱਚਰ ਕਿਹਾ ਹੈ। ਉਨ੍ਹਾ ਇਹ ਵੀ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਇਸ ਤਰ੍ਹਾਂ ਕਿਸਾਨਾਂ ਦਾ ਗੁੱਸਾ ਵਧਾ ਰਹੀ ਹੈ, ਜੋ ਦੇਸ਼ ਅਤੇ ਆਮ ਜਨਤਾ ਦੇ ਹਿੱਤਾਂ ਲਈ ਪਹਿਲਾਂ ਹੀ ਰੇਲ ਲਾਈਨਾਂ ਖਾਲੀ ਕਰ ਚੁੱਕੇ ਹਨ।



ਇਸ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮਾਲ ਗੱਡੀਆਂ ਨੂੰ ਯਾਤਰੀ ਰੇਲ ਗੱਡੀਆਂ ਦੀ ਆਵਾਜਾਈ ਦੇ ਨਾਲ ਜੋੜਨ ਦੀ ਕੋਈ ਤੁਕ ਨਹੀਂ ਬਣਦੀ ਅਤੇ ਰੇਲਵੇ ਮਾਲ ਗੱਡੀਆਂ ਰੋਕਣ ਲਈ ਸਿਰਫ ਇੱਕ ਬਹਾਨੇ ਵਜੋਂ ਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਆਉਣ ਦੇ ਚਾਹਵਾਨ ਯਾਤਰੀ ਆਸ ਪਾਸ ਦੇ ਰਾਜਾਂ, ਜਿਵੇਂ ਹਰਿਆਣਾ ਤੇ ਚੰਡੀਗੜ੍ਹ ਸਟੇਸ਼ਨਾਂ ਤੱਕ ਰੇਲ ਰਾਹੀਂ ਯਾਤਰਾ ਕਰ ਅੱਗੋਂ ਕੁਝ ਘੰਟਿਆਂ ਵਿੱਚ ਸੜਕ ਰਾਹੀਂ ਪੰਜਾਬ ਵਿੱਚ ਆਪਣੇ ਘਰ ਪੁੱਜ ਸਕਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਲੀਡਰਸ਼ਿਪ ਇਸ ਮੁੱਦੇ ਉੱਤੇ ਪੰਜਾਬ ਵਿਰੋਧੀ ਰੁਖ ਧਾਰਨ ਕਰ ਕੇ ਇਸ ਰਾਜ ਦੇ ਕਿਸਾਨਾਂ ਨੂੰ ਭੜਕਾ ਰਹੀ ਹੈ ਅਤੇ ਮਾਲ ਗੱਡੀਆਂ ਚਾਲੂ ਕਰਾਉਣ ਲਈ ਕੇਂਦਰ ਸਰਕਾਰ ਨੂੰ ਕਹਿਣ ਦੀ ਥਾਂ ਪੰਜਾਬ ਅਤੇ ਗੁਆਂਢੀ ਰਾਜਾਂ ਦੇ ਲੋਕਾਂ ਦੀ ਭਲਾਈ ਦੀ ਕੀਮਤ ਉੱਤੇ ਗੰਦੀ ਰਾਜਨੀਤੀ ਕਰ ਰਹੀ ਹੈ।

ਇਹੀ ਨਹੀਂ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਆਗੂਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਰਾਜ ਵਿੱਚ ਯਾਤਰੀ ਗੱਡੀਆਂ ਵੀ ਚੱਲਣ ਦੇਣ ਲਈ ਲਾਈਨਾਂ ਖਾਲੀ ਕਰ ਦੇਣ। ਉਨ੍ਹਾਂ ਨੇ ਦਲੀਲ ਦਿੱਤੀ ਕਿ ਤਿਉਹਾਰਾਂ ਦੇ ਮੌਸਮ ਦੌਰਾਨ ਦੂਜੇ ਰਾਜਾਂ ਵਿੱਚ ਫੌਜੀਆਂ ਅਤੇ ਹੋਰ ਮੁਲਾਜ਼ਮਾਂ ਨੂੰ ਆਪਣੇ ਪਰਿਵਾਰ ਕੋਲ ਜਾਣ ਵਿੱਚ ਮੁਸ਼ਕਲ ਆ ਰਹੀ ਹੈ, ਇਸ ਲਈ ਯਾਤਰੀ ਰੇਲ ਚਲਾਉਣਾ ਜ਼ਰੂਰੀ ਹੈ। ਮੁਖ ਮੰਤਰੀ ਨੇ ਕਿਹਾ ਹੈ ਕਿ ਜੇ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਬਾਰੇ ਕਿਸਾਨਾਂ ਨਾਲ ਵਿਚਾਰ ਵਟਾਂਦਰੇ ਲਈ ਤਿਆਰ ਹੋ ਗਈ ਹੈ ਤਾਂ ਕਿਸਾਨਾਂ ਨੂੰ ਵੀ ਯਾਤਰੀ ਰੇਲ ਨੂੰ ਰਸਤਾ ਦੇ ਦੇਣਾ ਚਾਹੀਦਾ ਹੈ।

# ਦੀਵਾਲੀ ਮੌਕੇ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਪਟਾਕਿਆਂ ਉੱਤੇ ਪਾਬੰਦੀ



ਚੰਡੀਗੜ੍ਹ, 9 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਵੱਲੋਂ ਹੁਕਮਾਂ ਕਾਰਨ ਪਿਛਲੇ ਸਾਲ ਜਿਨ੍ਹਾਂ ਸ਼ਹਿਰਾਂ ਦੀ ਹਵਾ ਖਰਾਬ ਦੱਸੀ ਗਈ ਸੀ, ਜਾਂ ਦੂਜੇ ਸ਼ਬਦਾਂ ਵਿੱਚ ਏਕਿਊਆਈ ਪੱਧਰ 200 ਨਾਲੋਂ ਵੀ ਉੱਪਰ ਸੀ, ਉਨ੍ਹਾਂ ਸ਼ਹਿਰਾਂ ਵਿੱਚ ਇਸ ਸਾਲ ਪਟਾਕੇ ਚਲਾਉਣ ਉੱਤੇ ਪਾਬੰਦੀ ਲਾਗੂ ਰਹੇਗੀ।

ਪੰਜਾਬ ਸਰਕਾਰ ਦੀ ਚੀਫ ਸੈਕਟਰੀ ਵਿਨੀ ਮਹਾਜਨ ਨੇ ਸਾਫ਼ ਕਿਹਾ ਹੈ ਕਿ ਐੱਨ ਜੀਟੀ ਦੇ ਆਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਪਿਛਲੇ ਸਾਲ ਦਾ ਡਾਟਾ ਦੇਣ ਲਈ ਕਿਹਾ ਹੈ, ਜਿਸਦੇ ਆਧਾਰ ਉੱਤੇ ਕਿਸ ਸ਼ਹਿਰ ਵਿੱਚ ਪਟਾਕੇ ਚਲਾਉਣ ਉੱਤੇ ਪਾਬੰਦੀ ਲਾਉਣੀ ਹੈ, ਇਹ ਆਦੇਸ਼ ਜਾਰੀ ਹੋਣਗੇ। ਪਿਛਲੇ ਸਾਲ ਨਵੰਬਰ ਦੇ ਪਹਿਲੇ ਹਫ਼ਤੇ ਬਠਿੰਡਾ, ਰੋਪੜ, ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਮੰਡੀ ਗੋਬਿੰਦਗੜ੍ਹ ਅਤੇ ਪਟਿਆਲਾ ਵਿੱਚ ਹਵਾ ਦੀ ਗੁਣਵੱਤਾ ਖਰਾਬ ਸੀ। ਇਸ ਲਈ ਐੱਨ ਜੀ ਟੀ ਦੇ ਆਦੇਸ਼ ਮੁਤਾਬਕ ਇਨ੍ਹਾਂ ਸ਼ਹਿਰਾਂ ਵਿੱਚ ਇਸ ਵਾਰੀ ਪਟਾਕੇ ਚਲਾਉਣ ਤੇ ਵੇਚਣ ਉੱਤੇ ਪਾਬੰਦੀ ਰਹੇਗੀ, ਪਰ ਆਖ਼ਰੀ ਫ਼ੈਸਲਾ ਅਜੇ ਨਹੀਂ ਕੀਤਾ ਗਿਆ।

ਵਰਨਣ ਯੋਗ ਹੈ ਕਿ ਬੀਤੇ ਸ਼ਨਿਚਰਵਾਰ ਨੂੰ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਐੱਨ ਜੀਟੀ ਨੂੰ ਭੇਜੇ ਪੱਤਰ ਵਿੱਚ ਕਿਹਾ ਸੀ ਕਿ ਪੰਜਾਬ ਵਿੱਚ ਇਸ ਸਾਲ ਸਾਰੇ ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਮਾਡਰੇਟ ਹੈ ਤੇ ਇਸ ਦਾ ਕੋਈ ਸ਼ਹਿਰ ਨੈਸ਼ਨਲ ਕੈਪੀਟਲ ਰੀਜਨ ਵਿੱਚਨਹੀਂ ਆਉਂਦਾ, ਇਸ ਲਈ ਪੰਜਾਬ ਵਿੱਚ ਪਟਾਕੇ ਚਲਾਉਣ ਉੱਤੇ ਪਾਬੰਦੀ ਲਾਉਣ ਦੀ ਲੋੜ ਨਹੀਂ, ਪਰ ਫਿਰ ਵੀ ਇਸ ਬਾਰੇ ਐੱਨਜੀਟੀ ਕੋਈ ਆਦੇਸ਼ ਜਾਰੀ ਕਰੇ ਤਾਂ ਸੂਬਾ ਸਰਕਾਰ ਲਾਗੂ ਕਰੇਗੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd. Seema Bhayana ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Mississauga $749,000** — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000** — 3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000** — Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000** — 39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000** — Photo Not Available — 7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000** — 7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000** — Photo Not Available — 23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000** — Photo Not Available — Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000** — Photo Not Available — 115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000** — Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000** — Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000** — Photo Not Available — 150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000** — 124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500** — Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888** — King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000** — Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿਖਾਏ ਰਸਤੇ ਤੇ ਚੱਲ ਕੇ ਅਮਨ ਕਾਇਮ ਕੀਤਾ ਜਾ ਸਕਦਾ ਹੈ : ਤ੍ਰਿਲੋਚਨ ਸਿੰਘ



ਨਵੀਂ ਦਿੱਲੀ, 9 ਨਵੰਬਰ (ਪੋਸਟ ਬਿਊਰੋ): ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੜੀ ਦੇ ਤਹਿਤ ਆਯੋਜਿਤ ਆਨਲਾਈਨ ਵੈਬੀਨਾਰ ਦਾ ਸਾਬਕਾ ਚੇਅਰਮੈਨ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਸ.ਤ੍ਰਿਲੋਚਨ ਸਿੰਘ ਨੇ ਉਦਘਾਟਨ ਕਰਦੇ ਹੋਏ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਦਿਖਾਏ ਰਸਤੇ ਤੇ ਚੱਲ ਕੇ ਹੀ ਅਮਨ ਕਾਇਮ ਕੀਤਾ ਜਾ ਸਕਦਾ ਹੈ। ਅਸੀਂ ਗੁਰੂ ਨਾਨਕ ਦੇਵ ਜੀ ਦੇ ਕਹੇ ਅਨੁਸਾਰ ਆਪਣੇ ਆਪ ਨੂੰ ਨਹੀਂ ਢਾਲਦੇ, ਅਸੀਂ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਸ਼ਬਦਾਂ ਵਿੱਚ ਢਾਲ ਲੈਂਦੇ ਹਾਂ। ਇਹ ਸਾਡੀ ਤਰਕੀਬ ਹੈ। ਇਸੇ ਕਾਰਣ ਅਰਥ ਦਾ ਅਨਰਥ ਹੋ ਜਾਂਦਾ ਹੈ। ਮਾਤਾ ਸੁੰਦਰੀ ਕਾਲਜ, ਦਿੱਲੀ ਤੋਂ ਡਾ. ਹਰਪ੍ਰੀਤ ਕੌਰ ਨੇ ਕਿਹਾ ਕਿ ਜਿਗਯਾਸੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਹੇ ਦੇ ਪਿੱਛੇ ਪਿੱਛੇ ਚੱਲਦਾ ਹੈ ਜਾ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਪਿੱਛੇ ਚੱਲਣ ਲਈ ਕਹਿੰਦਾ ਹੈ। ਇਹ ਜਿੰ-ਗਆਸੂ ਦੀ ਆਪਣੀ ਪ੍ਰਵਿਰਤੀ ਦੇ ਨਿਰਭਰ ਕਰਦਾ ਹੈ। ਖਾਲਸਾ ਕਾਲਜ, ਦਿੱਲੀ ਦੇ ਪ੍ਰਿੰਸੀਪਲ ਡਾ.ਜਸਵਿੰਦਰ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਉਸਦੇ ਮਰਮ ਨੂੰ ਉਹੀ ਸਮਝ ਸਕਦਾ ਹੈ ਜੋ ਉਸਦੇ ਅਨੁਭਵ ਦੇ ਸਤਰ ਵਿੱਚ ਡੁੱਬ ਗਿਆ ਹੋਵੇ। ਗੁੜ ਦਾ ਸੁਆਦ ਉਹੀ ਦੱਸ ਸਕਦਾ ਹੈ, ਜਿਸਨੇ ਖੁਦ ਗੁੜ ਖਾਧਾ ਹੋਵੇ। ਗੁਰੂ ਨਾਨਕ ਦੇਵ ਜੀ ਦੇ ਚਿੰਤਨ ਅਤੇ ਵਿਚਾਰ ਸਾਧਨਾ ਨੂੰ ਉਸਦੀ ਬਾਣੀ ਤੋਂ ਹੀ ਸਮਝਿਆ ਜਾ ਸਕਦਾ ਹੈ। ਨਾਨਕਬਾਣੀ ਦੇ ਅੰਦਰ ਜਾ ਕੇ ਹੀ ਉਸਨੂੰ ਆਤਮਸਾਤ ਕੀਤਾ ਜਾ ਸਕਦਾ ਹੈ। ਸਾਬਕਾ ਮੁਖੀ ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਪ੍ਰੋ.ਮਨਜੀਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਖੰਡ ਦਾ ਵਿਰੋਧ ਕੀਤਾ ਹੈ। ਵਿਅਕਤੀ ਦੇ ਮਨ ਅਤੇ ਕਰਮ ਵਿੱਚ ਸਾਮੰਜਸ ਅਤੇ ਆਚਰਣ ਇੱਕ ਜਿਹਾ ਹੋਣਾ ਚਾਹੀਦਾ ਹੈ। ਜੇਕਰ ਦੋਵਾਂ ਵਿੱਚ ਅੰਤਰ ਹੈ ਤਾਂ ਸਾਰਾ ਚਿੰਤਨ ਅਤੇ ਕ੍ਰਿਯਾਵਾਂ ਵੀ ਮਾਤਰ ਦਿਖਾਵਾ ਮਾਤਰ ਹੋ ਜਾਂਦੀਆਂ ਹਨ। ਅਜਿਹਾ ਵਿਅਕਤੀ ਸਮਾਜ ਵਿੱਚ ਵਿਸ਼ਵਾਸ ਪੈਦਾ ਨਹੀਂ ਕਰ ਸਕਦਾ। ਅੱਜ ਵੀ

ਜਿਸਦਾ ਆਚਰਣ ਆਮਜਨ ਵਿੱਚ ਵਿਸ਼ਵਾਸ ਪੈਦਾ ਕਰ ਸਕੇ ਅਤੇ ਅੱਗੇ ਵਧਕੇ ਸਮਾਜ ਨੂੰ ਨਿਰਾਸ਼ਾ ਦੇ ਹਨੇਰੇ ਵਿੱਚੋਂ ਕੱਢ ਸਕੇ। ਇਸ ਕਾਰਜਕ੍ਰਮਾਂ ਦਾ ਸਫਲ ਸੰਚਾਲਨ ਕਰਨ ਵਿੱਚ ਡਾ.ਸੱਚਿਦਾਨੰਦ ਜੋਸ਼ੀ, ਮੈਂਬਰ ਸੈਕੇਟਰੀ, ਡਾ.ਅਚਲ ਪੰਡਯਾ, ਚੀਫ ਕੋਆਰਡੀਨੇਟਰ ਦਾ ਵੀ ਸਹਿਯੋਗ ਮਿਲ ਰਿਹਾ ਹੈ। ਵੈਬੀਨਾਰਾਂ ਦੇ ਸੰਚਾਲਨ ਵਿੱਚ ਸ.ਹਰਭਜਨ ਸਿੰਘ ਦਿਓਲ, ਮੈਂਬਰ ਸੰਚਾਲਨ ਕਮੇਟੀ, ਭਾਰਤ ਸਰਕਾਰ, ਪ੍ਰਮੁੱਖ ਕਵੀ ਦਰਬਾਰ ਬਾਖੂਬੀ ਅੰਜਾਮ ਦੇ ਰਹੇ ਹਨ।

# ਪੱਛੜੇ ਵਰਗਾਂ ਦੀ ਇਕਜੁੱਟਤਾ ਅਤੇ ਸੰਵਿਧਾਨਕ ਹੱਕਾਂ ਲਈ ਮੀਟਿੰਗ



ਹੁਸਿਅਰਪੁਰ, 9 ਨਵੰਬਰ ( ਪੋਸਟ ਬਿਓਰੋ): ਅੱਜ ਪੱਛੜੇ ਵਰਗ ਦੇ ਆਗੂਆਂ ਅਤੇ ਬੁੱਧੀਜੀਵੀ ਵੀਰਾਂ ਦੀ ਸੰਯੁਕਤ ਮੀਟਿੰਗ ਪੱਛੜੇ ਵਰਗ ਦੇ ਲੋਕਾਂ ਦੇ ਭੱਖਦੇ ਮਸਲਿਆਂ ਦੇ ਸੰਬੰਧ ਵਿੱਚ ਹੁਸ਼ਿਆਰਪੁਰ ਵਿਖੇ ਕੀਤੀ ਗਈ। ਮੀਟਿੰਗ ਵਿੱਚ ਜਸਪਾਲ ਸਿੰਘ ਖੀਵਾ, ਮੁੱਖੀ ਰਾਸ਼ਟਰੀ ਬੈਕਵਰਡ ਕਲਾਸ ਫੈਡਰੇਸ਼ਨ , ਐਮ. ਪੀ. ਗੁਰਾਇਆ, ਪੱਛੜੇ ਵਰਗ ਦੇ ਮੁੱਖੀ ਅਤੇ ਸਾਬਕਾ ਮੀਤ ਪ੍ਰਧਾਨ ਬੀ. ਐਸ. ਪੀ, ਚੇਅਰਮੈਨ ਨਰਿੰਦਰ ਸਿੰਘ ਸੱਗੂ, ਪ੍ਰਧਾਨ ਕੁਲਵੰਤ ਸਿੰਘ ਮੱਲ੍ਹੀ ਅਤੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਮੰਜਿਲ, ਬੀ ਸੀ ਏਕਤਾ ਮੰਚ ਪੰਜਾਬ, ਪ੍ਰੋਫੈਸਰ ਸਤਨਾਮ ਸਿੰਘ ਮੁੱਖੀ ਬੈਕਵਰਡ ਕਲਾਸ ਇੰਪਲਾਈਜ਼ ਫੈਡਰੇਸ਼ਨ ਪੰਜਾਬ , ਸਵਰਨ ਸਿੰਘ ਬਰਗਾੜੀ , ਮੁੱਖੀ ਪੱਛੜਾ ਵਰਗ ਪੰਜਾਬ, ਸਾਬਕਾ ਡੀ ਪੀ ਆਰ ਓ ਗਿਆਨ ਸਿੰਘ ਉੱਘੇ ਸਮਾਜ ਸੇਵਕ , ਡਾ:ਹਰਜੀਤ ਸਿੰਘ ਮੁੱਖੀ ਬੀ ਸੀ /ਐਸ ਸੀ ਏਕਤਾ ਮੰਚ ਪੰਜਾਬ, ਇੰਜ:ਬਲਜੀਤ ਸਿੰਘ ਸਮਾਜ ਸੇਵਕ, ਐਕਸ ਇੰਜ:ਫਕੀਰ ਚੰਦ ਜੰਡੂ ਉੱਘੇ ਸਮਾਜ ਸੇਵਕ , ਗੁਰਪਵਿਤੱਰ ਸਿੰਘ ਸਮਾਜ ਸੇਵਕ, ਕਮਲਜੀਤ ਸਿੰਘ ਸਮਾਜ ਸੇਵਕ, ਗੁਰਪ੍ਰੀਤ ਸਿੰਘ ਉੱਘੇ ਸਮਾਜ ਸੇਵਕ ਗੁਰਦਾਸਪੁਰ ਆਦਿ ਨੇ ਹਿੱਸਾ ਲਿਆ । ਮੀਟਿੰਗ ਵਿੱਚ ਪੱਛੜੇ ਵਰਗ ਦੀ ਇਕਜੁੱਟਤਾ ਅਤੇ ਸੰਵਿਧਾਨਕ ਹੱਕਾਂ ਲਈ ਪੰਜਾਬ ਲੈਵਲ ਤੇ ਇੱਕ ਕੋਰ ਕਮੇਟੀ ਗਠਿਤ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਜੋ ਪੰਜਾਬ ਦੇ ਸਾਰੇ ਸੰਗਠਨ ਇੱਕ ਝੰਡੇ ,ਇੱਕ ਦਿਸ਼ਾ ਨਿਰਦੇਸ਼ ਹੇਠ ਵਰਗ ਦੀ ਭਲਾਈ ਲਈ ਸੁਚਾਰੂ ਢੰਗ ਕੰਮ ਕੀਤਾ ਜਾ ਸਕੇ । ਇਸ ਤੋਂ ਇਲਾਵਾ ਪੱਛੜੇ ਵਰਗ ਦੀ ਭਲਾਈ ਅਤੇ ਵਰਗ ਦੇ ਵੱਖ ਵੱਖ ਰਾਜਨੀਤਕ ਪਾਰਟੀਆਂ ਵਿੱਚ ਕੰਮ ਰਹੇ ਵਿਅਕਤੀਆਂ ਦੀ ਸਮੀਖਿਆ ਤੇ ਵਿਚਾਰ ਕਰਨ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤੇ ਜਾਣ 'ਤੇ ਫੈਸਲਾ ਕੀਤਾ ਗਿਆ। ਸਮਾਜ ਦੇ ਕੰਮਾ ਵਿੱਚ ਤੇਜੀ ਲਿਆਉਣ ਲਈ ਪੰਜਾਬ ਭਰ ਵਿੱਚ ਪੱਛੜੇ ਵਰਗ ਦੀ ਜਾਗਰੂਕਤਾ ਮੁਹਿੰਮ ਮਿਸ਼ਨ ਤਹਿਤ ਵੱਖ ਵੱਖ ਜਿਲਿਆਂ ਵਿੱਚ ਮੀਟਿੰਗਾਂ ਕਰਨ ਬਾਰੇ ਫੈਸਲਾ ਕੀਤਾ ਗਿਆ ਤਾਂ ਜੋ ਪੰਜਾਬ ਦਾ ਪੱਛੜਾ ਵਰਗ ਇੱਕ ਝੰਡੇ, ਇਕ ਪਲੇਟਫਾਰਮ ਤੇ ਖੜ੍ਹਾ ਹੋ ਕੇ ਅਪਣੇ ਸੰਵਿਧਾਨਕ ਹੱਕਾਂ ਲਈ ਸੰਘਰਸ਼ਸ਼ੀਲ ਹੋ ਸੱਕੇ। ਅਗਲੀ ਮੀਟਿੰਗ ਜਲੰਧਰ, ਲੁਧਿਆਣਾ, ਮੋਗਾ,ਕੋਟਕਪੂਰਾ, ਅਮ੍ਰਿਤਸਰ ਵਿਚੰਦ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਦੀਆਂ ਤਰੀਕਾਂ ਦਾ ਐਲਾਨ ਜਲਦੀ ਕੀਤਾ ਜਾਵੇਗਾ।

# ਪਰਾਲੀ ਦੇ ਧੂੰਏਂ ਕਾਰਨ ਹੋਏ ਹਾਦਸੇ ਵਿਚ ਸੈਸ਼ਨ ਜੱਜ ਜ਼ਖਮੀ

ਫਿਰੋਜ਼ਪੁਰ, 9 ਨਵੰਬਰ (ਪੋਸਟ ਬਿਊਰੋ)- ਪਰਾਲੀ ਤੋਂ ਉਠਦੇ ਧੂੰਏਂ ਕਾਰਨ ਹੋਏ ਹਾਦਸੇ ਵਿੱਚ ਐਡੀਸ਼ਨਲ ਸੈਸ਼ਨ ਜੱਜ ਫਾਜ਼ਿਲਕਾ ਗੁਰਦਰਸ਼ਨ ਕੌਰ ਜ਼ਖਮੀ ਹੋ ਗਈ ਹੈ। ਉਨ੍ਹਾਂ ਨੂੰ ਪਹਿਲਾਂ ਜ਼ੀਰੇ ਦੇ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੋਂਉਨ੍ਹਾਂ ਨੂੰ ਬਠਿੰਡਾ ਰੈਫਰ ਕਰ ਦਿੱਤਾ ਗਿਆ।


ਥਾਣਾ ਸਦਰਜ਼ੀਰਾ ਦੀ ਪੁਲਸ ਨੇ ਪਿੰਡ ਮਹੀਆਵਾਲਾ ਵਾਸੀ ਸਵਰਣ ਸਿੰਘ ਨਾਂਅ ਦੇ ਕਿਸਾਨ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ, ਪਰ ਦੋਸ਼ੀ ਪਰਵਾਰ ਦੇ ਨਾਲ ਫਰਾਰ ਹੋ ਗਿਆ ਹੈ।ਪੁਲਸ ਮੁਤਾਬਕ ਗੁਰਦਰਸ਼ਨ ਕੌਰ ਚੰਡੀਗੜ੍ਹਤੋਂ ਬੀ ਐਸ ਐਫ ਦੇ ਆਪਰੇਸ਼ਨ ਕਮਾਂਡੈਂਟ ਆਪਣੇ ਭਰਾ ਗੁਰਜੰਟ ਸਿੰਘ ਧਾਲੀਵਾਲ ਦੇ ਨਾਲ ਕਾਰ ਵਿੱਚ ਫਿਰੋਜ਼ਪੁਰ ਜਾ ਰਹੀ ਸੀ। ਦੁਪਹਿਰ ਕਰੀਬ ਢਾਈ ਵਜੇ ਮਹੀਆਵਾਲਾ ਨੇੜੇ ਪਰਾਲੀ ਨੂੰ ਲਾਈ ਅੱਗ 'ਚੋਂ ਉਠਦੇ ਧੂੰਏਂ ਕਾਰਨ ਕੁਝ ਨਾ ਦਿੱਸਿਆ ਤਾਂ ਗੁਰਜੰਟ ਸਿੰਘ ਨੇ ਕਾਰ ਰੋਕ ਦਿੱਤੀ। ਇਸੇ ਦੌਰਾਨ ਪਿੱਛੋਂ ਆਈ ਬੱਸ ਨੇ ਕਾਰ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਕਾਰ ਅੱਗੇ ਖੜ੍ਹੀ ਗੱਡੀ ਨਾਲ ਜਾ ਵੱਜੀ। ਹਾਦਸੇ ਵਿੱਚ ਗੁਰਦਰਸ਼ਨ ਕੌਰ ਜ਼ਖਮੀ ਹੋ ਗਈ।

# 328 ਸਰੂਪਾਂ ਦਾ ਮਾਮਲਾ: ਐਡਵੋਕੇਟ ਈਸ਼ਰ ਸਿੰਘ ਨੇ ਸਾਬਕਾ ਜਥੇਦਾਰ ਰਣਜੀਤ ਸਿੰਘ ਵੱਲੋਂ ਲਾਏ ਦੋਸ਼ ਨਕਾਰੇ

ਅੰਮ੍ਰਿਤਸਰ, 9 ਨਵੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਰਿਕਾਰਡ ਵਿੱਚੋਂ ਘਟਦੇ 328 ਸਰੂਪਾਂ ਦੇ ਕੇਸ ਦੀ ਜਾਂਚ ਕਰਨ ਵਾਲੇ ਤਿੰਨ ਮੈਂਬਰੀ ਜਾਂਚ ਕਮੇਟੀ ਦੇ ਮੁਖੀ ਐਡਵੋਕੇਟ ਈਸ਼ਰ ਸਿੰਘ ਨੇ ਪਹਿਲੀ ਵਾਰ ਇਸ ਵਿਵਾਦ ਬਾਰੇ ਕਿਹਾ ਹੈ ਕਿ ਉਨ੍ਹਾਂ ਇਸ ਕੇਸ ਦੀ ਜਾਂਚ ਰਿਪੋਰਟ ਦੀਆਂ ਸਿਰਫ ਤਿੰਨ ਕਾਪੀਆਂ ਹੀ ਤਿਆਰ ਕੀਤੀਆਂ ਸਨ ਅਤੇ ਇਸ ਵਿੱਚੋਂ ਸਿਰਫ ਇੱਕ ਜਾਂਚ ਰਿਪੋਰਟ ਉਪਰ ਸਾਰੇ ਪੰਨਿਆਂ ਉਪਰ ਜਾਂਚ ਟੀਮ ਦੇ ਤਿੰਨ ਮੈਂਬਰਾਂ ਦੇ ਦਸਖਤ ਹਨ, ਬਾਕੀ ਦੀਆਂ ਦੋ ਕਾਪੀਆਂ ਉਪਰ ਸਿਰਫ ਆਖਰੀ ਪੰਨੇ ਉਪਰ ਤਿੰਨਾਂ ਮੈਂਬਰਾਂ ਦੇ ਦਸਤਖਤ ਹਨ, ਪਰ ਇਹ ਸਾਰੀਆਂ ਅਸਲ ਜਾਂਚ ਰਿਪੋਰਟ ਦੀਆਂ ਕਾਪੀਆਂ ਹਨ।

ਐਡਵੋਕੇਟ ਈਸ਼ਰ ਸਿੰਘ ਨੇ ਇੱਕ ਵੀਡੀਓ ਰਾਹੀਂ ਇਸ ਦੋਸ਼ ਨੂੰ ਰੱਦ ਕੀਤਾ ਕਿ ਜਾਂਚ ਦੀਆਂ ਵੱਖ-ਵੱਖ ਰਿਪੋਰਟਾਂ ਤਿਆਰ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਉਤੇ ਦੋਸ਼ ਲਾਇਆ ਕਿ ਉਹ ਇਸ ਬਾਰੇ ਝੂਠ ਬੋਲ ਕੇ ਸੰਗਤ ਨੂੰ ਗੁੰਮਰਾਹ ਕਰਨ ਦਾ ਯਤਨ ਕਰ ਰਹੇ ਹਨ। ਬਾਦਲ ਪਰਵਾਰ ਨੂੰ ਦੋਸ਼ਾਂ ਤੋਂ ਜਾਣਬੁੱਝ ਕੇ ਮੁਕਤ ਕਰਨ ਦੇ ਦਾਅਵੇ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਸਰਬਜੀਤ ਸਿੰਘ ਕੋਲੋਂ ਕਿਸੇ ਵੀ ਦੋਸ਼ ਬਾਰੇ ਸਬੂਤ ਮੰਗੇ ਸਨ, ਪਰ ਉਨ੍ਹਾਂ ਕੋਲ ਇਸ ਬਾਰੇ ਸਬੂਤ ਨਹੀਂ ਸਨ।

ਇਸ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਗੁੰਮ ਹੋਏ ਸਰੂਪਾਂ ਬਾਰੇ ਕੋਈ ਪਤਾ ਨਾ ਲੱਗਣ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਤਸੱਲੀਬਖਸ਼ ਜਵਾਬ ਨਾ ਦੇਣ ਕਾਰਨ ਸਿੱਖ ਸੰਗਤ ਵਿੱਚ ਰੋਸ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਹਾਈ ਕੋਰਟ ਦੇ ਸੇਵਾ ਮੁਕਤ ਜੱਜਾਂ ਦੇ ਪੈਨਲ ਤੋਂ ਸਮਾਂਬੱਧ ਜਾਂਚ ਕਰਵਾ ਕੇ ਕਰਵਾਈ ਜਾਣੀ ਚਾਹੀਦੀ ਹੈ।

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936


ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਸਲੂਨ ਦੇ ਸੁਹੱਪਣ ਨੂੰ 'ਗੁਰਬਤ ਦੀ ਮਾਰ'

-ਜੁਗਿੰਦਰ ਸੰਧੂ

ਸਲੂਨ ਵੀ ਜੰਮੂ-ਕਸ਼ਮੀਰ ਦੇ ਹੋਰਨਾਂ ਪਿੰਡਾਂ ਵਰਗਾ ਹੈ, ਜਿੱਥੋਂ ਦੇ ਲੋਕਾਂ ਦੀ ਰਹਿਣੀ-ਬਹਿਣੀ ਸਾਦੀ ਅਤੇ ਸਾਫ-ਸੁਥਰੀ ਹੈ। ਭਾਈਚਾਰਕ ਸਾਂਝ ਅਤੇ ਆਪਸੀ ਰਿਸ਼ਤੇ ਬੇਮਿਸਾਲ ਹਨ। ਕਿਸੇ ਦੇ ਪੈਰ ਵਿੱਚ ਕੰਡਾ ਵੀ ਚੁੱਭੇ ਤਾਂ ਸਾਰਾ ਪਿੰਡ ਉਸ ਦਾ ਹਾਲ ਚਾਲ ਪੁੱਛਣ ਬਹੁੜਦਾ ਹੈ। ਲੋਕ ਪੈਸੇ ਪਿੱਛੇ ਉਸ ਤਰ੍ਹਾਂ ਨਹੀਂ ਦੌੜਦੇ, ਜਿਵੇਂ ਦੇਸ਼ ਜਾਂ ਸੂਬੇ ਦੇ ਵੱਡੇ ਸ਼ਹਿਰਾਂ ਤੇ ਹੋਰ ਖੇਤਰਾਂ ਵਿੱਚ ਮਾਰਧਾੜ ਲੱਗੀ ਜਾਪਦੀ ਹੈ। ਮਿਹਨਤ-ਮਜ਼ਦੂਰੀ ਲੋਕਾਂ ਦੇ ਅੰਗ-ਸੰਗ ਹੈ ਅਤੇ ਇਸ 'ਚੋਂ ਜੋ ਰੁੱਖੀ-ਮਿੱਸੀ ਜੁੜਦੀ ਹੈ, ਉਸੇ ਨੂੰ 'ਚੂਰੀ' ਸਮਝ ਕੇ ਖਾ ਲੈਂਦੇ ਹਨ।

ਜੰਮੂ ਖੇਤਰ ਦੇ ਜ਼ਿਲ੍ਹਾ ਰਿਆਸੀ ਦੇ ਬਲਾਕ ਪੋਨੀ ਨਾਲ ਸੰਬੰਧਤ ਹੈ ਪਿੰਡ ਸਲੂਨ, ਜਿਸ ਵਿੱਚ 60-70 ਘਰ ਅਤੇ ਢਾਈ-ਤਿੰਨ ਸੌ ਦੇ ਕਰੀਬ ਆਬਾਦੀ ਹੋਵੇਗੀ। ਇਹ ਕੁਦਰਤ ਦਾ ਵਰਦਾਨ ਕਿਹਾ ਜਾ ਸਕਦਾ ਹੈ ਕਿ ਜਿੱਥੇ ਅਜੋਕੇ ਸਮਾਜ ਵਿੱਚ ਪੈਸੇ ਦੀ ਖਾਤਰ ਲੋਕ ਰਿਸ਼ਤਿਆਂ ਦਾ ਘਾਣ ਕਰ ਰਹੇ ਹਨ, ਇੱਕ ਦੂਜੇ ਦਾ ਖੂਨ ਵਹਾ ਰਹੇ ਹਨ, ਉਥੇ ਇਸ ਪਿੰਡ ਦੇ ਲੋਕ ਮਾਲਾ ਵਿੱਚ ਪਰੋਏ ਮਣਕਿਆਂ ਵਾਂਗ 'ਅਪਣੱਤ' ਦੇ ਸੂਤਰ 'ਚ ਬੱਝੇ ਹੋਏ ਹਨ।

ਇਸ ਪਿੰਡ ਦੀ ਇੱਕ ਹੋਰ ਵਿਲੱਖਣਤਾ ਅਤੇ ਵਿਸ਼ੇਸ਼ਤਾ ਉਸ ਨੂੰ ਕੁਦਰਤ ਦਾ ਬਖਸ਼ਿਆ ਸੁਹੱਪਣ ਹੈ। ਖੂਬਸੂਰਤ ਪਹਾੜੀ ਨਜ਼ਾਰੇ, ਹਰਿਆਵਲ ਭਰੇ ਰੁੱਖ-ਬੂਟੇ, ਮਹਿਕਾਂ ਵੰਡਦੀਆਂ ਪੌਣਾਂ, ਪਿਆਰ-ਮੁਹੱਬਤ ਦਾ ਸੁਨੇਹਾ ਦੇਣ ਵਾਲਾ ਝਨਾਂ ਦਰਿਆ ਤੇ ਵਾਤਾਵਰਣ ਵਿੱਚ ਸੰਗੀਤ ਘੋਲਦੇ ਪੰਛੀ। ਬੜਾ ਅਜਬ ਨਜ਼ਾਰਾ ਹੈ ਇਸ ਪਿੰਡ ਤੇ ਆਸਪਾਸ ਵੱਸਦੇ ਰਿਆਸੀ ਜ਼ਿਲ੍ਹੇ ਦੇ ਹੋਰ ਪਿੰਡਾਂ ਅਤੇ ਖੇਤਰਾਂ ਦਾ।

ਇਸ ਪਿੰਡ ਦੇ ਲੋਕਾਂ ਨੂੰ ਮਿਲਣ, ਉਨ੍ਹਾਂ ਦੇ ਸੁਭਾਅ ਨੂੰ ਜਾਨਣ ਅਤੇ ਚੌਗਿਰਦੇ ਵਿੱਚ ਫੈਲੀਆਂ ਸੁਗੰਧੀਆਂ ਨੂੰ ਮਹਿਸੂਸ ਕਰਨ ਦਾ ਮੌਕਾ ਉਦੋਂ ਮਿਲਿਆ, ਜਦੋਂ ਮੀਡੀਆ ਟੀਮ ਨਾਲ ਟਰੱਕ ਦੀ ਰਾਹਤ ਸਮੱਗਰੀ ਵੰਡਣ ਲਈ ਉਥੇ ਜਾਣ ਦਾ ਮੌਕਾ ਮਿਲਿਆ। ਸਾਦਗੀ ਅਤੇ ਸੁਹੱਪਣ ਦੀ ਮਿਸਾਲ ਦੇਣੀ ਹੋਵੇ ਤਾਂ ਸਲੂਨ ਦਾ ਕੋਈ ਜਵਾਬ ਨਹੀਂ। ਲੋਕਾਂ ਵਿੱਚ ਸਬਰ ਸਿਦਕ, ਸੰਘਰਸ਼ ਦੀ ਸਮਰੱਥਾ, ਪ੍ਰਮਾਤਮਾ ਦੀ ਇਬਾਦਤ ਦਾ ਜਜ਼ਬਾ, ਸੱਚਾਈ-ਈਮਾਨਦਾਰੀ ਉੱਤੇ ਪਹਿਰਾ ਦੇਣ ਦੀ ਦ੍ਰਿੜ੍ਹਤਾ ਅਤੇ ਮੁਹੱਬਤ ਭਰੀਆਂ ਸਾਂਝਾਂ, ਸਭ ਕਮਾਲ ਹਨ।

ਸਲੂਨ ਉਸ ਖੇਤਰ ਦੇ ਦਰਜਨਾਂ ਪਿੰਡਾਂ ਦਾ ਪ੍ਰਤੀਕ ਹੈ, ਜਿਨ੍ਹਾਂ ਦੇ ਖੂਬਸੂਰਤ ਚਿਹਰੇ ਉੱਤੇ ਮੰਦਹਾਲੀ ਦੇ ਧੱਬੇ ਵੀ ਸਾਫ ਝਲਕਦੇ ਹਨ। ਰੋਜ਼ੀ-ਰੋਟੀ ਵੀ ਲੋੜ ਅਨੁਸਾਰ ਮਿਲਦੀ ਅਤੇ ਬਾਕੀ ਬਹੁਤ ਸਾਰੀਆਂ ਬੁਨਿਆਦੀ ਸਹੂਲਤਾਂ ਦਾ ਨਾਂ-ਨਿਸ਼ਾਨ ਨਹੀਂ ਹੈ। ਜੇ ਇਹ ਇਲਾਕਾ ਕਿਸੇ ਪੱਛਮੀ ਦੇਸ਼ ਨਾਲ ਸੰਬੰਧਤ ਹੁੰਦਾ ਤਾਂ ਟੂਰਿਜ਼ਮ ਦੇ ਨਕਸ਼ੇ 'ਤੇ ਸੰਸਾਰ-ਪ੍ਰਸਿੱਧ ਹੁੰਦਾ। ਸਭ ਪਾਸੇ ਇਸ ਦੇ ਖੂਬਸੂਰਤ ਦ੍ਰਿਸ਼ ਅਤੇ ਨਜ਼ਾਰੇ ਛਾਏ ਹੋਣੇ ਸਨ।

ਅੱਜ ਕੱਲ੍ਹ ਨਾ ਢੰਗ ਦੀਆਂ ਸੜਕਾਂ, ਨਾ ਸਿਹਤ ਸਹੂਲਤਾਂ, ਨਾ ਚੰਗੇ ਸਕੂਲ, ਨਾ ਰੋਜ਼ਗਾਰ, ਨਾ ਕਾਰੋਬਾਰ। ਵਧੀਆ ਹੋਟਲਾਂ, ਹਵਾਈ ਅੱਡਿਆਂ, ਵਧੀ ਢੰਗ ਨਾਲ ਵਿਕਸਿਤ ਸੈਰਗਾਹਾਂ ਦਾ ਸੁਫਨਾ ਨਹੀਂ ਲਿਆ ਜਾ ਸਕਦਾ। ਸੂਬਾ ਸਰਕਾਰ ਜਾਂ ਕੇਂਦਰ ਸਰਕਾਰ ਦਾ ਕਦੇ ਇਸ ਪਾਸੇ ਧਿਆਨ ਨਹੀਂ ਗਿਆ ਹੋਵੇਗਾ ਜਾਂ ਉਨ੍ਹਾਂ ਨੂੰ ਸਿਆਸੀ ਪੈਂਤੜੇਬਾਜ਼ੀਆਂ, ਸੱਤਾ ਹਥਿਆਉਣ ਦੀ ਦੌੜ ਅਤੇ ਨੋਟਾਂ ਨਾਲ ਆਪਣੇ ਅਟੈਚੀ ਭਰਨ ਤੋਂ ਇਲਾਵਾ ਹੋਰ ਕਿਸੇ ਕੰਮ ਲਈ ਫੁਰਸਤ ਨਹੀਂ ਹੋਵੇਗੀ। ਹੋਰ ਅਨੇਕਾਂ ਖੇਤਰਾਂ ਵਾਂਗ ਜੰਮੂ ਦੇ ਇਲਾਕੇ ਵਿੱਚ ਵੱਸਦੇ ਲੋਕ ਵੀ ਸਿਆਸੀ ਨੇਤਾਵਾਂ ਲਈ ਸਿਰਫ ਵੋਟਰ ਹੀ ਹਨ। ਇਹ ਆਧੁਨਿਕ ਯੁੱਗ, ਪਾਤਾਲ ਦੀਆਂ ਚੁੱਭੀਆਂ ਅਤੇ ਆਕਾਸ਼ ਦੀਆਂ ਉਡਾਰੀਆਂ ਸਲੂਨ ਦੇ ਲੋਕਾਂ ਦੀ ਸੋਚ ਅਤੇ ਮੁਕੱਦਰ ਦੀ ਸੀਮਾ ਰੇਖਾ ਤੋਂ ਦੂਰ ਦੀਆਂ ਗੱਲਾਂ ਹੀ ਜਾਪਦੀਆਂ ਹਨ।

ਜੰਮੂ-ਕਸ਼ਮੀਰ ਦੀ 85 ਫੀਸਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ, ਜਿਸ ਦੀ ਰੋਜ਼ੀ-ਰੋਟੀ ਦਾ ਆਧਾਰ ਖੇਤੀ ਹੈ। ਇਲਾਕੇ ਦੀ ਧਰਤੀ ਉਪਜਾਊ ਹੈ, ਵਾਤਾਵਰਣ ਵੀ ਫਸਲਾਂ ਲਈ ਢੁੱਕਵਾਂ ਹੈ, ਪਰ ਖੇਤੀ ਦੀ ਹਾਲਤ ਫਿਰ ਵੀ ਤਰਸਯੋਗ ਹੈ ਤਾਂ ਉਸ ਦੇ ਅਨੇਕਾਂ ਕਾਰਨ ਹਨ। ਪਹਿਲਾ ਮੁੱਖ ਕਾਰਨ ਇਹ ਹੈ ਕਿ ਇਸ ਖੇਤਰ ਦੀ ਸਾਰੀ ਖੇਤੀਬਾੜੀ ਬਰਸਾਤ 'ਤੇ ਨਿਰਭਰ ਕਰਦੀ ਹੈ। ਸਿਰਫ ਸੱਤ ਫੀਸਦੀ ਜ਼ਮੀਨ ਸਿੰਚਾਈ ਅਧੀਨ ਹੈ, ਇਸ ਤੋਂ ਜ਼ਿਆਦਾ ਲਈ ਪਾਣੀ ਦਾ ਕੋਈ ਪ੍ਰਬੰਧ ਨਹੀਂ। ਇਸ ਹਾਲਤ ਵਿੱਚ ਫਸਲਾਂ ਦੀ ਕਾਸ਼ਤ ਅਤੇ ਪੈਦਾਵਾਰ ਹਮੇਸ਼ਾ ਬਾਰਿਸ਼ 'ਤੇ ਨਿਰਭਰ ਹੁੰਦੀ ਹੈ। ਜੇ ਬਾਰਿਸ਼ ਠੀਕ ਹੋ ਗਈ ਤਾਂ ਫਸਲ ਚੰਗੀ ਹੋਸਕਦੀ ਹੈ, ਨਹੀਂ ਤਾਂ ਬਹੁਤੀ ਵਾਰ ਡੋਬਾ ਜਾਂ ਸੋਕਾ ਹੀ ਭੁਗਤਣਾ ਪੈਂਦਾ ਹੈ।

ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ ਉਹ ਕਣਕ, ਝੋਨਾ, ਸਰ੍ਹੋਂ, ਕਾਲੇ ਛੋਲਿਆਂ ਅਤੇ ਸਬਜ਼ੀਆਂ ਦੀ ਖੇਤੀ ਕਰਦੇ ਹਨ, ਪਰ ਇਸ ਨਾਲ ਪਰਵਾਰਾਂ ਦਾ ਗੁਜ਼ਾਰਾ ਨਹੀਂ ਹੁੰਦਾ। ਅੰਬਾਂ ਅਤੇ ਨਿੰਬੂ ਜਾਤੀ ਦੇ ਫਲਾਂ ਦੀ ਬਾਗਬਾਨੀ ਹੁੰਦੀ ਹੈ ਅਤੇ ਉੱਚੇ ਪਹਾੜੀ ਖੇਤਰਾਂ ਵਿੱਚ ਸੇਬ, ਬਾਦਾਮ ਤੇ ਅਖਰੋਟ ਵੀ ਹੁੰਦੇ ਹਨ, ਪਰ ਇਸ ਨਾਲ ਆਰਥਿਕਤਾ ਨੂੰ ਪੱਕੇ ਪੈਰੀਂ ਨਹੀਂ ਕੀਤਾ ਜਾ ਸਕਦਾ। ਨਤੀਜੇ ਵਜੋਂ ਹੱਡ ਭੰਨਵੀ ਮਿਹਨਤ ਤੋਂ ਬਾਅਦ ਵੀ ਕਿਸਾਨਾਂ ਦਾ ਖੀਸਾ ਖਾਲੀ ਰਹਿੰਦਾ ਹੈ। ਸਰਕਾਰ ਤੇ ਉਸ ਦਾ ਖੇਤੀ ਵਿਭਾਗ ਫਸਲਾਂ ਦੀ ਠੀਕ ਪੈਦਾਵਾਰ ਲਈ ਕਿਸਾਨਾਂ ਦਾ ਸਹੀ ਮਾਰਗ ਦਰਸ਼ਨ ਨਹੀਂ ਕਰ ਸਕਦਾ। ਛੋਟੇ-ਮੋਟੇ ਤਜਰਬੇ ਸ਼ਹਿਰੀ ਅਤੇ ਨੀਮ-ਸ਼ਹਿਰੀ ਖੇਤਰਾਂ ਵਿੱਚ ਫਸਲਾਂ ਦੀਕਾਸ਼ਤ ਅਤੇ ਨਵੀਆਂ ਕਿਸਮਾਂ ਬਾਰੇ ਕੀਤੇ ਗਏ ਹਨ, ਜਦੋਂ ਕਿ ਦੂਰ-ਦੁਰਾਡੇ ਪੇਂਡੂ ਖੇਤਰਾਂ ਵਿੱਚ ਸਭ ਉਪਰ ਵਾਲੇ ਦੀ ਕਿਰਪਾ 'ਤੇ ਹੀ ਨਿਰਭਰ ਹੈ।

ਰਿਆਸੀ ਦੀਆਂ ਜ਼ਮੀਨਾਂ ਵਿੱਚ ਫੁੱਲਾਂ ਦੀ ਖੇਤੀ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਹਨ, ਪਰ ਇਸ ਨੂੰ ਉਤਸ਼ਾਹ ਨਹੀਂ ਦਿੱਤਾ ਜਾ ਸਕਿਆ। ਇਸ ਖੇਤਰ ਦੇ ਬਹੁਤ ਸਾਰੇ ਸੰਸਾਰ ਪ੍ਰਸਿੱਧ ਧਾਰਮਿਕ ਅਸਥਾਨ ਹਨ, ਜਿੱਥੇ ਫੁੱਲਾਂ ਦੀ ਬਹੁਤ ਖਪਤ ਹੋ ਸਕਦੀ ਹੈ। ਇਹ ਲੋੜਾਂ ਵਰਤਮਾਨ ਸਥਿਤੀ 'ਚ ਬਾਹਰੋਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਜੇ ਕਿਸਾਨਾਂ ਨੂੰ ਫੁੱਲਾਂ ਦੀ ਪੈਦਾਵਾਰ ਸੰਬੰਧੀ ਜਾਣਕਾਰੀ ਅਤੇ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਤਾਂ ਇਸ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਕੁਝ ਸਹਾਰਾ ਮਿਲ ਸਕਦਾ ਹੈ।

ਇਲਾਕੇ ਵਿੱਚ ਹੋਰ ਜੰਗਲੀ ਜਾਨਵਰਾਂ ਦੇ ਨਾਲ ਬਾਂਦਰਾਂ ਦੇ ਝੁੰਡਾਂ ਵੱਲੋਂ ਫਸਲਾਂ ਦਾ ਬਹੁਤ ਨੁਕਸਾਨ ਕੀਤਾ ਜਾਂਦਾ ਹੈ। ਕਿਸਾਨ ਆਪਣੇ ਬਲਬੂਤੇ 'ਤੇ ਇਸ ਤੋਂ ਬਚਾਅ ਕਰਨ ਵਿੱਚ ਅਸਮਰਥ ਹਨ। ਜਾਨਵਰਾਂ ਵੱਲੋਂ ਉਜਾੜੀਆਂ ਫਸਲਾਂ ਦਾ ਕਿਸਾਨਾਂ ਨੂੰ ਯੋਗ ਮੁਆਵਜ਼ਾ ਵੀ ਨਹੀਂ ਮਿਲਦਾ। ਜੰਮੂ ਡਵੀਜ਼ਨ ਵਿੱਚ ਕੁਝ ਮਿਲਾਕੇ 15 ਹਜ਼ਾਰ ਹੈਕਟੇਅਰ ਰਕਬੇ ਵਿੱਚ ਖੇਤੀਬਾੜੀ ਹੁੰਦੀ ਹੈ ਤੇ ਇਸ ਵਿੱਚੋਂ ਕਰੋੜਾਂ ਦੀਆਂ ਫਸਲਾਂ ਜਾਨਵਰ ਬਰਬਾਦ ਕਰ ਜਾਣ ਤਾਂ ਇਲਾਕੇ ਦੀ ਆਰਥਿਕਤਾ ਨੂੰ ਢਾਹ ਲੱਗਦੀ ਹੈ। ਜੇ ਜੰਮੂ ਨੂੰ ਖੁਸ਼ਹਾਲ ਬਣਾਉਣਾ ਹੈ ਤਾਂ ਇਲਾਕੇ ਦੀ ਕਿਰਸਾਨੀ ਦਾ ਵਿਕਾਸ ਯਕੀਨੀ ਕਰਨਾ ਪਵੇਗਾ।

ਸਲੂਨ ਵਿੱਚ ਮੈਨੂੰ ਦੋ ਔਰਤਾਂ ਮਿਲੀਆਂ, ਜਿਨ੍ਹਾਂ ਵੱਲੋਂ ਬੋਲੇ ਕੁਝ ਸ਼ਬਦ ਇੱਕ ਵੱਡੀ ਕਹਾਣੀ ਕਹਿ ਗਏ। ਇਨ੍ਹਾਂ ਵਿੱਚੋਂ ਇੱਕ ਦਾਂ ਨਾਂ ਜੀਨਮਾ ਬੀਬੀ ਸੀ, ਜਿਸ ਦਾ ਜੀਵਨ ਕਿਸ ਵੇਲੇ ਸੰਘਰਸ਼ ਨਾਲ ਇਕਮਿਕ ਹੋ ਗਿਆ, ਉਸ ਨੂੰ ਪਤਾ ਨਹੀਂ ਲੱਗਾ। ਗਫੂਰ ਦੇ ਲੜ ਲੱਗੀ, ਪਰ ਕਿਸਮਤ ਨਹੀਂ ਬਦਲੀ। ਗਫੂਰ ਮਜ਼ਦੂਰੀ ਕਰਦਾ ਹੈ, ਪਰ ਘਰ ਦਾ ਚੁੱਲ੍ਹਾ ਨਹੀਂ ਬਲਦਾ। ਉਹ ਖੁਦ ਮਿਹਨਤ ਕਰਨ ਲੱਗ ਪਈ। ਸਾਰਾ ਦਿਨ ਖੇਤਾਂ ਦੀਆਂ ਵੱਟਾਂ ਤੋਂ ਘਾਹ ਖੋਤਦੀ ਹੈ, ਫਿਰ ਕੁਝ ਰੁਪਿਆਂ ਦਾ ਵੇਚ ਦਿੰਦੀ ਤਾਂ ਲੂਣ-ਤੇਲ ਖਰੀਦਣ ਦਾ ਜੁਗਾੜ ਬਣਦਾ ਹੈ। ਤਪੱਸਿਆ 'ਚ ਤਪਕੇ ਕੁੰਦਨ ਬਣ ਗਈ ਬੀਬੀ ਜੀਨਮਾ, ਪਰ ਸੰਘਰਸ਼ ਜਾਰੀ ਹੈ। ਦੂਜੀ ਔਰਤ ਦਾ ਨਾਂਅ ਰਿਹਾਨਾ ਸੀ, ਜੋ ਪਿੰਡ ਦੀ ਪੰਚ ਹੈ। ਘਰ ਵਾਲਾ ਸਰਕਾਰੀ ਨੌਕਰੀ ਕਰਦਾ ਹੈ, ਰੋਟੀ-ਪਾਣੀ ਦਾ ਜੁਗਾੜ ਹੋ ਜਾਂਦਾ ਹੈ। ਰਿਹਾਨਾ ਹੁਣ ਦੁਖਿਆਰੀਆਂ ਔਰਤਾਂ ਦਾ ਦੁੱਖ-ਦਰਦ ਵੰਡਾਉਣ ਲਈ ਸਾਰਾ ਦਿਨ ਭੱਜ-ਦੌੜ ਕਰਦੀ ਹੈ। ਕਿਸੇ ਦੇ ਬਿਮਾਰ ਬੱਚੇ ਲਈ ਦਵਾਈ-ਕਿਸੇ ਲਈ ਆਟੇ-ਦਾਲ ਦਾ ਪ੍ਰਬੰਧ, ਕਿਸੇ ਨੂੰ ਹੌਸਲਾ, ਪ੍ਰੇਰਨਾ ਦੇਣ ਦੀ ਕਵਾਇਦ ਬੱਸ ਚਲਦੀ ਰਹਿੰਦੀ ਹੈ। ਇਹੀ ਤਾਂ ਜੀਵਨ-ਸੰਘਰਸ਼ ਹੈ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ ਫੁਲਕਾ

ਖਾਣਾ ਖਾਣ ਵੇਲੇ ਵੀ ਆਪਣੇ ਪਤੀ ਨੂੰ ਨਾਵਲ ਪੜ੍ਹਦਾ ਦੇਖ ਕੇ ਪਤਨੀ ਰਸੋਈ ਵਿੱਚੋਂ ਬਾਹਰ ਆਈ ਅਤੇ ਨਾਵਲ ਖੋਹਣ ਦੀ ਕੋਸ਼ਿਸ਼ ਕਰਨ ਲੱਗੀ। ਪਤੀ ਨੇ ਉਸ ਨੂੰ ਨਾਵਲ ਨਾ ਦੇਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਮੈਂ ਇਹ ਤੈਨੂੰ ਕਿਵੇਂ ਦੇ ਸਕਦਾ ਹਾਂ? ਇਹ ਤਾਂ ਮੇਰੀ ਜਾਨ ਹੈ।"

ਪਤਨੀ ਨੇ ਅੱਖਾਂ ਦਿਖਾਉਂਦਿਆਂ ਪੁੱਛਿਆ, "ਕੀ ਕਿਹਾ? ਇਹ ਤੁਹਾਡੀ ਜਾਨ ਹੈ ਤਾਂ ਮੈਂ ਕੀ ਹਾਂ?"

ਪਤੀ, "ਮੇਰੀ ਜਾਨ ਦੀ ਦੁਸ਼ਮਣ।"

*********

ਪਤਨੀ, "ਮੈਂ ਰੁਝੇਵਿਆਂ ਕਾਰਨ ਤੁਹਾਡੀ ਪੈਂਟ ਨੂੰ ਬਟਨ ਲਾਉਣ ਦਾ ਸਮਾਂ ਨਹੀਂ ਕੱਢ ਸਕੀ, ਇਸ ਵਿੱਚ ਇੰਨਾ ਗੁੱਸੇ ਹੋਣ ਦੀ ਕਿਹੜੀ ਗੱਲ ਹੈ? ਆਖਰ ਤੁਹਾਡੀ ਪੈਂਟ ਤੁਹਾਡੀ ਪਤਨੀ ਨਾਲੋਂ ਜ਼ਿਆਦਾ ਜ਼ਰੂਰੀ ਤਾਂ ਨਹੀਂ ਹੈ।"

ਪਤੀ, "ਹਾਂ ਕਿਉਂ ਨਹੀਂ, ਪਤਨੀ ਤੋਂ ਬਿਨਾਂ ਤਾਂ ਮੈਂ ਕਿਤੇ ਵੀ ਜਾ ਸਕਦਾ ਹਾਂ, ਪਰ ਪੈਂਟ ਤੋਂ ਬਿਨਾਂ ਨਹੀਂ?"

*********

ਟੀਨਾ, "ਤੂੰ ਇੰਨੇ ਲੰਮੇ ਆਦਮੀ ਨਾਲ ਵਿਆਹ ਕਿਉਂ ਕਰਵਾਇਆ?"

ਮੀਨਾ, "...ਤਾਂ ਜੋ ਜਦੋਂ ਉਹ ਮੇਰੇ ਨਾਲ ਗੱਲ ਕਰੇ ਤਾਂ ਗਰਦਨ ਝੁਕਾ ਕੇ ਕਰੇ ਅਤੇ ਮੈਂ ਉਸ ਨਾਲ ਗੱਲ ਕਰਾਂ ਤਾਂ ਗਰਦਨ ਚੁੱਕ ਕੇ ਕਰਾਂ।"

## ਮਿੰਨੀ ਕਹਾਣੀਆਂ

### ਕੁੱਤਾ ਬਨਾਮ ਬੰਦਾ

-ਪਰਦੀਪ ਮਹਿਤਾ-

ਕਈ ਦਿਨਾਂ ਤੋਂ ਹਵੇਲੀ ਵਿੱਚ ਪਸ਼ੂਆਂ ਦੇ ਡਾਕਟਰਾਂ ਦਾ ਆਉਣਾ ਜਾਣਾ ਲੱਗਾ ਹੋਇਆ ਸੀ। ਸਰਦਾਰ ਸਾਹਿਬ ਦਾ ਪਿਆਰਾ ਜਰਮਨ ਸ਼ੈਫਰਡ ਕੁੱਤਾ ਕਈ ਦਿਨਾਂ ਤੋਂ ਬਿਮਾਰ ਚੱਲ ਰਿਹਾ ਸੀ। ਘਰੇਲੂ ਓਹੜ-ਪੋਹੜ, ਧਾਗੇ-ਤਵੀਤ, ਪੂਜਾ-ਅਰਦਾਸ ਨਾਲੋ-ਨਾਲ ਚੱਲ ਰਹੇ ਸਨ। ਘਰ ਦੇ ਜੀਅ, ਸੀਰੀ, ਪਾਲੀ ਸਭ ਮਸੋਸੇ ਪਏ ਸਨ।

ਅੱਜ ਕੁੱਤੇ ਨੇ ਥੋੜ੍ਹੇ ਜਿਹੇ ਕੰਨ ਚੁੱਕੇ ਤਾਂ ਘਰ 'ਚ ਰੌਣਕ ਪਰਤ ਆਈ। 'ਚਲੋ ਆਪਣਾ ਸ਼ੇਰੂ ਵਾਹਗੁਰੂ ਦੀ ਮਿਹਰ ਨਾਲ ਰਾਜ਼ੀ ਹੋ ਗਿਆ। ਮੇਰੀ ਵੀ ਮਾੜ੍ਹੀ ਜੀ ਭੁੱਖ ਚਮਕੀ ਐ..ਜਾ ਓਏ ਲਾਲੀ ਆਪਣਾ ਸਾਮਾਨ ਚੁੱਕ ਲਿਆ..' ਸਰਦਾਰ ਸਾਹਿਬ ਨੇ ਅੰਗੜਾਈ ਭੰਨਦਿਆਂ ਸੀਰੀ ਨੂੰ ਹੁਕਮ ਦਾਗਿਆ, 'ਹਾਂ ਸੱਚ, ਸਬ੍ਹਾਤ 'ਚ ਵੱਡਾ ਸਰਦਾਰ ਬੈਠਾ ਕਿੰਨੇ ਦਿਨਾਂ ਤੋਂ ਖਾਊਂ-ਖਾਊਂ ਕਰੀ ਜਾਂਦੈ, ਉਹਦੇ ਵਾਸਤੇ ਵੀ ਵੈਦ ਤੋਂ ਪੁੜੀਆਂ ਫੜ ਲਿਆਈਂ..।'

### ਬਦਲੀਆਂ

-ਬਿੰਦਰ ਸਿੰਘ ਖੁੱਡੀ ਕਲਾਂ-

ਉਹ ਪਿਛਲੇ ਸੱਤ ਅੱਠ ਵਰ੍ਹਿਆਂ ਤੋਂ ਘਰ ਤੋਂ ਤਕਰੀਬਨ ਅੱਸੀ ਕਿਲੋਮੀਟਰ ਦੂਰ ਡਿਊਟੀ ਕਰ ਰਿਹਾ ਸੀ। ਬਦਲੀ ਕਰਵਾ ਕੇ ਘਰ ਦੇ ਨੇੜੇ ਜਾਣ ਲਈ ਹਰ ਵਰ੍ਹੇ ਹੱਥ ਪੈਰ ਮਾਰਦਾ, ਪਰ ਰਾਜਸੀ ਤੇ ਆਰਥਿਕ ਪਹੁੰਚ ਦੀ ਘਾਟ ਕਾਰਨ ਹਰ ਵਾਰ ਅਸਫਲ ਰਹਿੰਦਾ। ਸਰਕਾਰੇ ਦਰਬਾਰੇ ਅਸਰ ਰਸੂਖ ਰੱਖਣ ਵਾਲਾ ਉਸ ਦਾ ਇਕ ਸਹਿ-ਕਰਮੀ ਆਪਣੇ ਘਰੋਂ ਮਸਾਂ ਦਸ ਗਿਆਰਾਂ ਕਿਲੋਮੀਟਰ ਦੂਰ ਡਿਊਟੀ ਕਰ ਰਿਹਾ ਸੀ। ਉਹ ਬਦਲੀਆਂ ਬੰਦ ਹੋਣ ਦੇ ਬਾਵਜੂਦ ਰਾਜਸੀ ਰਸੂਖ ਵਰਤ ਕੇ ਬਦਲੀ ਕਰਵਾ ਕੇ ਰਿਹਾਇਸ਼ ਵਾਲੇ ਸ਼ਹਿਰ ਵਿੱਚ ਚਲਾ ਗਿਆ।

"ਪਿਛਲੇ ਹਫਤੇ ਮੈਂ ਵੀ ਆਪਣੇ ਮੁੱਖ ਦਫਤਰ ਬਦਲੀ ਸਬੰਧੀ ਗਿਆ ਸੀ। ਸਾਹਿਬ ਦੇ ਦਫਤਰ ਦੇ ਬਾਹਰ ਤਾਂ ਲਿਖ ਕੇ ਲਾਇਆ ਹੋਇਆ ਸੀ 'ਆਮ ਬਦਲੀਆਂ ਬੰਦ ਹਨ', ਫਿਰ ਤੇਰੀ ਬਦਲੀ ਕਿਵੇਂ ਹੋ ਗਈ?" ਉਸ ਨੇ ਬਦਲੀ ਕਰਵਾ ਕੇ ਸ਼ਹਿਰ 'ਚ ਹਾਜ਼ਰ ਹੋਣ ਜਾ ਰਹੇ ਸਹਿ-ਕਰਮੀ ਨੂੰ ਪੁੱਛਿਆ।

"ਉਏ ਭੋਲਿਆ ਪੰਛੀਆ, ਸਾਹਿਬ ਵੱਲੋਂ ਦਫਤਰ ਦੇ ਬਾਹਰ ਲਿਖ ਕੇ ਲਾਏ ਸ਼ਬਦਾਂ 'ਆਮ ਬਦਲੀਆਂ ਬੰਦ ਹਨ' ਦਾ ਅਸਲੀ ਮਤਲਬ ਹੈ ਕਿ ਆਮ ਲੋਕਾਂ ਲਈ ਬਦਲੀਆਂ ਬੰਦ ਹਨ"। ਸਹਿਕਰਮੀ ਨੇ ਖਚਰੀ ਹਾਸੀ ਹੱਸਦਿਆਂ ਜਵਾਬ ਦਿੱਤਾ।

jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

MARVES HARDWOOD FLOORING



Services:
Fence - Hardwood Flooring
Stairs - Small Renovation

John
416-787-6551

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE







AZ Tractor trailer program
Manual transmission & backup training everyday
We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab



Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

PUNJABI RANG RADIO



CAIO 530AM
11pm-12am
Every Saturday



Chamkaur Singh
Producer/ Host
Cell: 416 662 1313
Email: punjabirang13@hotmail.com

# ਸਾਨੂੰ ਆਲੂ-ਪਿਆਜ਼ਾਂ ਦੀ ਮਹਿੰਗਾਈ ਮਾਰ ਗਈ

-ਅੱਬਾਸ ਧਾਲੀਵਾਲ-

ਪਿਆਜ਼ ਦਾ ਸਬਜ਼ੀਆਂ ਨਾਲ ਉਹੋ ਰਿਸ਼ਤਾ ਹੈ, ਜੋ ਨਹੁੰਆਂ ਦਾ ਮਾਸ ਦਾ ਹੁੰਦਾ ਹੈ। ਪਿਆਜ਼ ਜਿੱਥੇ ਰੋਜ਼ ਸਬਜ਼ੀ ਦਾ ਜ਼ਾਇਕਾ ਬਣਾਉਂਦਾ ਹੈ, ਉਥੇ ਮਹਿੰਗੇ ਹੁੰਦਿਆਂ ਹੀ ਸਾਰਾ ਮਜ਼ਾ ਕਿਰਕਿਰਾ ਕਰ ਦਿੰਦਾ ਹੈ। ਮੈਂ ਸਮਝਦਾ ਹਾਂ ਵਿਕਣ ਵਾਲੇ ਲੀਡਰਾਂ ਤੋਂ ਬਾਅਦ ਪਿਆਜ਼ ਹੀ ਇੱਕ ਅਜਿਹੀ ਸ਼ੈਅ ਹੈ, ਜੋ ਸਰਕਾਰਾਂ ਨੂੰ ਬਣਾਉਣ ਤੇ ਗਿਰਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਪਿਆਜ਼ ਦੇ ਮਹਿੰਗਾ ਹੁੰਦੇ ਸਾਰ ਗਰੀਬ ਪਰਵਾਰਾਂ ਦੇ ਘਰਾਂ ਦਾ ਬਜਟ ਹੀ ਵਿਗੜ ਜਾਂਦਾ ਹੈ। ਇਸ ਦੀਆਂ ਕੀਮਤਾਂ ਆਸਾਨੀ ਨਾਲ ਚੜ੍ਹਨ ਨਾਲ ਗਰੀਬਾਂ ਨੂੰ ਖਾਲੀ ਲਸਣ ਦੇ ਤੜਕੇ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ ਹੈ ਅਤੇ ਜੇ ਸਬੱਬ ਨਾਲ ਪਿਆਜ਼ ਦੀ ਚੜ੍ਹਤ-ਫੜਕ ਦੇ ਦਿਨਾਂ ਵਿੱਚ ਕਿਸੇ ਗਰੀਬ ਪਰਵਾਰ ਦੀ ਕੁੜੀ ਦਾ ਵਿਆਹ ਧਰਿਆ ਹੋਵੇ ਤਾਂ ਕੁੜੀ ਦੇ ਮਾਪਿਆਂ ਦੀ ਜੋ ਪਤਲੀ ਹਾਲਤ ਹੁੰਦੀ ਹੈ, ਉਹ ਬਿਆਨੋਂ ਬਾਹਰ ਹੋ ਜਾਂਦੀ ਹੈ।

ਪਿਆਜ਼ ਦੀ ਮਹਿੰਗਾਈ ਤੋਂ ਮੈਨੂੰ ਯਾਦ ਆਇਆ ਕਿ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਸਲਾਹ ਦਿੱਤੀ ਸੀ ਕਿ ਜੇ ਨੌਕਰੀ ਨਹੀਂ ਮਿਲਦੀ ਤਾਂ ਉਨ੍ਹਾਂ ਨੂੰ ਪਕੌੜਿਆਂ ਦੀ ਰੇਹੜੀ ਲਾ ਲੈਣੀ ਚਾਹੀਦੀ ਹੈ। ਵੈਸੇ ਜੇ ਇੱਕ ਪ੍ਰਧਾਨ ਮੰਤਰੀ ਆਪਣੇ ਅਹੁਦੇ 'ਤੇ ਪੁੱਜਣ ਤੋਂ ਪਹਿਲਾਂ ਮੁੱਢਲੇ ਦਿਨਾਂ 'ਚ ਚਾਹ ਵੇਚ ਸਕਦਾ ਹੈ (ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਦੇ ਹੱਥ ਦੀ ਬਣਾਈ ਚਾਹ ਪੀਣ ਵਾਲਾ ਮਹਾਂਪੁਰਸ਼ ਹਾਲੇ ਤੱਕ ਮਿਲਿਆ ਨਹੀਂ, ਪਰ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਉਪਰੰਤ ਉਨ੍ਹਾਂ ਨੂੰ ਸ਼ੀ ਜਿਨਪਿੰਗ ਨੂੰ ਚਾਹ ਪਰੋਸਦਿਆਂ ਜ਼ਰੂਰ ਵੇਖਿਆ ਸੀ) ਤਾਂ ਹੋਰ ਕਿਸੇ ਨੂੰ ਹਰਜ਼ ਨਹੀਂ ਹੋਣਾ ਚਾਹੀਦਾ। ਪ੍ਰਧਾਨ ਮੰਤਰੀ ਦੀ ਪਕੌੜੇ ਬਣਾਉਣ ਦੀ ਸਲਾਹ 'ਤੇ ਕਈ ਪਾੜ੍ਹਿਆਂ ਨੇ ਅਮਲ ਕੀਤਾ। ਉਨ੍ਹਾਂ ਵਿੱਚ ਸਾਡਾ ਇੱਕ ਦੋਸਤ ਵੀ ਹੈ। ਉਹ ਐੱਮ ਏ, ਬੀ ਐੱਡ ਹੈ, ਪਰ ਬਦਕਿਸਮਤੀ ਨਾਲ ਹਾਲੇ ਤੱਕ ਬੇਰੁਜ਼ਗਾਰ ਹੈ। ਭਾਵੇਂ ਉਸ ਦਾ ਨਾਂਅ ਅਮੀਰ ਚੰਦ ਹੈ, ਪਰ ਉਹਦੀ ਮੰਦਹਾਲੀ ਵੇਖ ਕੇ ਉਸ ਨੂੰ ਅਮੀਰ ਚੰਦ ਕਹਿੰਦੇ ਹੋਏ ਇੰਝ ਲੱਗਦਾ ਹੈ ਜਿਵੇਂ ਚੰਨ ਨੂੰ ਗਰੀਬੀ ਦਾ ਗ੍ਰਹਿਣ ਲੱਗਾ ਹੋਵੇ। ਖੈਰ! ਛੱਡੋ ਮੈਂ ਭਾਵੁਕ ਹੋ ਜਾਵਾਂਗਾ। ਪਿਛਲੇ ਦਿਨੀਂ ਉਸ ਨੇ ਪ੍ਰਧਾਨ ਮੰਤਰੀ ਦੀ ਸਲਾਹ ਮੰਨ ਕੇ ਪਕੌੜਿਆਂ ਦੀ ਰੇਹੜੀ ਲਾ ਲਈ। ਕੁਝ ਦਿਨ ਮੁਸ਼ਕਲਾਂ ਪੇਸ਼ ਆਈਆਂ। ਫਿਰ ਸਭ ਨਾਰਮਲ ਹੋ ਗਿਆ ਤੇ ਆਰਾਮ ਨਾਲ ਤਿੰਨ-ਚਾਰ ਸੌ ਦੀ ਦਿਹਾੜੀ ਪੈਣ ਲੱਗੀ ਤੇ ਉਸ ਨੂੰ ਲੱਗਾ ਕਿ ਕੁਝ ਦਿਨਾਂ ਵਿੱਚ ਉਸ ਦੇ ਚੰਗੇ ਦਿਨ ਆ ਜਾਣਗੇ, ਪਰ ਉਹ ਹਾਲੇ ਚੰਗੇ ਦਿਨਾਂ ਦੇ ਸੁਫਨੇ ਵੇਖ ਰਿਹਾ ਸੀ ਕਿ ਪਿਆਜ਼ਾਂ ਦੀਆਂ ਕੀਮਤਾਂ ਇੱਕ ਵਾਰ ਫਿਰ ਅਸਮਾਨੀ ਚੜ੍ਹ ਗਈਆਂ। ਪਿਆਜ਼ਾਂ ਨੂੰ ਵੇਖ ਆਲੂਆਂ ਨੇ ਵੀ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ। ਜਦੋਂ ਪਿਆਜ਼ ਆਲੂਆਂ ਨੇ ਆਪਣੇ ਰੰਗ ਵਿਖਾਏ ਤਿਵੇਂ ਹੀ ਉਸ ਦੇ ਸਾਰੇ ਸੁਫਨੇ ਇੱਕ ਇੱਕ ਕਰ ਕੇ ਚੂਰ ਹੋ ਗਏ, ਭਾਵ 'ਦਿਲ ਕੇ ਅਰਮਾਂ ਆਂਸੂਓਂ ਮੇਂ ਬਹਿ ਗਏ...।' ਉਧਰ ਆਲੂ ਪਿਆਜ਼ ਦੀ ਚੜ੍ਹਾਈ ਵੇਖ ਕੇ ਲਾਲ ਟਮਾਟਰ ਗੁੱਸੇ 'ਚ ਹੋਰ ਲਾਲ ਹੋਣੇ ਸ਼ੁਰੂ ਹੋ ਗਏ। ਟਮਾਟਰਾਂ ਨੂੰ ਵੇਖ ਕੇ ਕਰੇਲੇ ਦੀਆਂ ਕੀਮਤਾਂ ਨਿੰਮ ਜਾ ਚੜ੍ਹੀਆਂ। ਗੋਭੀ ਤੇ ਭਿੰਡੀਆਂ ਨੇ ਸੋਚਿਆ ਕਿ ਅਸੀਂ ਕਿਹੜਾ ਕਿਸੇ ਦੀ ਨੂੰਹ ਧੀ ਨਾਲੋਂ ਘੱਟ ਹਾਂ, ਵੇਖਦੇ ਹੀ ਵੇਖਦਿਆਂ ਉਨ੍ਹਾਂ ਦੀਆਂ ਕੀਮਤਾਂ ਵੀ ਪਹੁੰਚ ਤੋਂ ਬਾਹਰ ਹੋ ਗਈਆਂ। ਇਉਂ ਵੇਖਦੇ ਹੀ ਵੇਖਦੇ ਗਰੀਬ ਵਿਅਕਤੀ ਦਾ ਸਬਜ਼ੀ ਨਾਲ ਰੋਟੀ ਖਾਣ ਦਾ ਸੁਫਨਾ ਵੀ ਕਾਫੂਰ ਹੋ ਗਿਆ।

ਅੱਜ ਹਾਲਾਤ ਇਹ ਹਨ ਕਿ ਜਦੋਂ ਕੋਈ ਭਰਾ ਆਪਣੀ ਭੈਣ ਨੂੰ ਦੀਵਾਲੀ ਦਾ ਸੰਧਾਰਾ ਦੇਣ ਲਈ ਮਿਲਣ ਜਾਣ ਬਾਰੇ ਸੋਚਦਾ ਹੈ ਤਾਂ ਅੱਗੋਂ ਭੈਣ ਦਾ ਪਹਿਲਾਂ ਫੋਨ ਆ ਜਾਂਦਾ ਹੈ ਕਿ "ਵੀਰੇ ਸ਼ੂਗਰ ਦੇ ਚਲਦਿਆਂ ਮਠਿਆਈ, ਫਰੂਟ ਲਿਆਉਣ ਦੀ ਖੇਚਲ ਨਾ ਕਰੀਂ, ਬਸ ਦੋ ਕਿਲੋ ਪਿਆਜ਼ ਲਿਆਈਂ, ਤੇ ਪੰਸੇਰੀ ਆਲੂ ਲੈ ਆਵੀਂ. ਜਦੋਂ ਦੇ ਆਲੂ ਤੇ ਪਿਆਜ਼ ਮਹਿੰਗੇ ਹੋਏ ਨੇ ਤੇਰਾ ਜੀਜਾ ਜਿਵੇਂ ਸਬਜ਼ੀ ਮੰਡੀ ਦਾ ਰਸਤਾ ਭੁੱਲ ਗਿਆ ਹੈ।" ਇਸੇ ਤਰ੍ਹਾਂ ਅੱਜ ਵਧੇਰੇ ਦਫਤਰੀ ਬਾਬੂਆਂ ਤੋਂ ਕੰਮ ਕਢਵਾਉਣ ਵਾਲੇ ਵਿਅਕਤੀ ਵੀ ਨਕਦੀ ਦੀ ਥਾਂ ਬਾਬੂਆਂ ਦੇ ਰੁਤਬੇ ਮੁਤਾਬਕ ਪੰਸੇਰੀ ਦੋ ਪੰਸੇਰੀ ਆਲੂ ਪਿਆਜ਼ ਦੇਣ 'ਚ ਭਲਾਈ ਸਮਝਦੇ ਹਨ। ਨਾਲੇ ਆਲੂ ਪਿਆਜ਼ ਲੈਣ-ਦੇਣ ਨਾਲ ਕਿਸੇ ਅਫਸਰ 'ਤੇ ਰਿਸ਼ਵਤ ਦਾ ਕੇਸ ਵੀ ਨਹੀਂ ਬਣਦਾ ਤੇ ਕਰਮਚਾਰੀ ਨੂੰ ਰੰਗੇ ਹੱਥੀਂ ਫੜੇ ਜਾਣ ਦਾ ਡਰ ਵੀ ਨਹੀਂ ਸਤਾਉਂਦਾ।

ਪਿਆਜ਼ ਇੱਕ ਅਜਿਹੀ ਸ਼ੈਅ ਹੈ, ਜੋ ਹਕੂਮਤਾਂ ਦੇ ਤਖਤ ਪਲਟਣ ਦੀ ਤਾਕਤ ਰੱਖਦੀ ਹੈ। ਮੈਨੂੰ ਯਾਦ ਹੈ ਕਿ ਇੱਕ ਵਾਰ ਦਿੱਲੀ ਵਿੱਚ ਨੱਬੇ ਦੇ ਦਹਾਕਿਆਂ ਵਿੱਚ ਜਿਸ ਪਾਰਟੀ ਦੀ ਸਰਕਾਰ ਦੀ ਇਤਫਾਕਨ ਉਸ ਸਮੇਂ ਪਿਆਜ਼ ਦੀ ਕਿੱਲਤ ਦੇ ਚਲਦਿਆਂ ਕੀਮਤਾਂ ਅੱਜ ਵਾਂਗ ਅਸਮਾਨੀ ਚੜ੍ਹ ਗਈਆਂ ਤੇ ਇਸੇ ਦੌਰਾਨ ਵੋਟਾਂ ਆ ਗਈਆਂ। ਫੇਰ ਕੀ ਸੀ? ਪਿਆਜ਼ ਦੀਆਂ ਕੀਮਤਾਂ ਦਾ ਸਾਰਾ ਗੁੱਸਾ ਲੋਕਾਂ ਨੇ ਸੱਤਾ ਪਾਰਟੀ ਨੂੰ ਅਰਸ਼ ਤੋਂ ਫਰਸ਼ 'ਤੇ ਲਿਆ ਕੇ ਕੱਢਿਆ।

ਸੱਚਾਈ ਇਹ ਹੈ ਕਿ ਪਿਆਜ਼ ਆਪਣੇ ਛਿੱਲਣ ਵਾਲਿਆਂ ਨੂੰ ਜਿੱਥੇ ਪਾਣੀ ਦੇ ਹੰਝੂ ਰੁਲਾਉਂਦੇ ਹਨ ਉਥੇ ਹੀ ਆਪਣੇ ਉਗਾਉਣ ਵਾਲੇ ਕਿਸਾਨਾਂ ਨੂੰ ਖੂਨ ਦੇ ਹੰਝੂ ਰੁਲਾਉਂਦੇ ਹਨ। ਜਦੋਂ ਕਿ ਸਟੋਰ ਕਰਨ ਵਾਲੇ ਕਾਰਪੋਰੇਟ ਘਰਾਣਿਆਂ ਨੂੰ ਇਹ ਰਾਤੋ-ਰਾਤ ਹਜ਼ਾਰ ਪਤੀ ਤੋਂ ਲੱਖ ਪਤੀ ਅਤੇ ਲੱਖ ਪਤੀ ਤੋਂ ਅਰਬਪਤੀ ਬਣਾ ਦਿੰਦੇ ਹਨ...।

# ਕਈ ਪੱਖਾਂ ਤੋਂ ਦਿਲਚਸਪ ਰਹੀਆਂ ਅਮਰੀਕੀ ਚੋਣਾਂ

-ਉਜਾਗਰ ਸਿੰਘ-

ਸੰਸਾਰ ਦੇ ਸਭ ਤੋਂ ਵੱਡੇ ਪਰਜਾ-ਤੰਤਰ ਅਤੇ ਸ਼ਕਤੀਸ਼ਾਲੀ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਦੀ ਤਿੰਨ ਨਵੰਬਰ ਨੂੰ ਹੋਈ ਚੋਣ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਕਾਂਟੇ ਦੀ ਟੱਕਰ ਵਿੱਚ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੂੰ ਹਰਾ ਕੇ ਚੋਣ ਜਿੱਤ ਗਏ ਹਨ। ਅਮਰੀਕਾ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਪੂਰੇ ਦੇਸ਼ ਵਿੱਚ ਜਸ਼ਨ ਮਨਾਏ ਜਾ ਰਹੇ ਹਨ। ਟਰੰਪ ਨੇ ਦੂਜੀ ਵਾਰ ਚੋਣ ਲੜੀ ਸੀ। ਪਹਿਲੀ ਵਾਰ ਉਹ 2016 ਵਿੱਚ ਚੋਣ ਜਿੱਤ ਕੇ ਅਮਰੀਕਾ ਦੇ ਰਾਸ਼ਟਰਪਤੀ ਬਣੇ ਸਨ। ਪਿਛਲੇ ਚਾਰ ਸਾਲ ਉਸ ਨੇ ਚੰਮ ਦੀਆਂ ਚਲਾਈਆਂ ਤੇ ਆਪਣੇ ਫੈਸਲਿਆਂ ਅਤੇ ਬਿਆਨਾਂ ਕਰ ਕੇ ਵਾਦ-ਵਿਵਾਦ ਵਿੱਚ ਰਹੇ। ਉਨ੍ਹਾਂ ਦੀ ਆਪਣੀ ਪਾਰਟੀ ਵਿੱਚ ਹੀ ਉਨ੍ਹਾਂ ਨੂੰ ਬਹੁਤਾ ਪਸੰਦ ਨਹੀਂ ਸੀ ਕੀਤਾ ਜਾਂਦਾ। ਦੋਵੇਂ ਪਾਰਟੀਆਂ ਦਾ ਅੱਡੀ ਚੋਟੀ ਦਾ ਜ਼ੋਰ ਲੱਗਾ ਪਿਆ ਸੀ। ਡੋਨਾਲਡ ਟਰੰਪ ਦੇ ਪੁੱਤਰ ਨੇ ਦੋਸ਼ ਲਾਇਆ ਹੈ ਕਿ ਰਿਪਬਲੀਕਨ ਪਾਰਟੀ ਨੇ ਆਪਣੇ ਉਮੀਦਵਾਰ ਟਰੰਪ ਦੀ ਪੂਰੀ ਮਦਦ ਨਹੀਂ ਕੀਤੀ। ਜੋਅ ਬਾਇਡਨ ਰਾਸ਼ਟਰਪਤੀ ਦੀ ਚੋਣ ਪਹਿਲੀ ਵਾਰ ਲੜੇ ਹਨ। ਸਾਲ 1973 ਤੋਂ 2009 ਤੱਕ ਲਗਾਤਾਰ ਛੇ ਵਾਰ ਉਹ ਡੇਲਾਵਾਰੇ ਸਟੇਟ ਤੋਂ ਸੈਨੇਟਰ ਚੁਣੇ ਜਾਂਦੇ ਰਹੇ ਸਨ। 2009 ਤੋਂ 2016 ਤੱਕ ਉਹ ਬਰਾਕ ਓਬਾਮਾ ਦੇ ਨਾਲ ਦੋ ਵਾਰੀ ਉਪ ਰਾਸ਼ਟਰਪਤੀ ਰਹੇ। ਟਰੰਪ ਵਿਰੁੱਧ ਨਸਲੀ ਵਿਤਕਰੇ, ਅਮਨ-ਅਮਾਨ ਦੀ ਸਥਿਤੀ ਖਰਾਬ ਰਹਿਣ, ਕੋਰੋਨਾ 'ਤੇ ਕਾਬੂ ਨਾ ਪਾ ਸਕਣ ਅਤੇ ਦੇਸ਼ ਦੀ ਆਰਥਿਕ ਸਥਿਤੀ ਖਰਾਬ ਹੋਣ ਕਰ ਕੇ ਚੋਣਾਂ ਉਪਰ ਬੁਰਾ ਪ੍ਰਭਾਵ ਪੈਣ ਦੀ ਉਮੀਦ ਸੀ, ਪਰ ਉਨ੍ਹਾਂ ਨੇ ਫਿਰ ਵੀ ਬਰਾਬਰ ਦੀ ਟੱਕਰ ਦਿੱਤੀ ਹੈ। ਉਨ੍ਹਾਂ ਨਸਲੀ ਪੱਤਾ ਖੇਡਿਆ ਸੀ, ਜਿਸ ਦਾ ਉਨ੍ਹਾਂ ਨੂੰ ਬਹੁਤਾ ਲਾਭ ਨਹੀਂ ਮਿਲਿਆ। ਚੋਣ ਨਤੀਜੇ ਦੇ ਅੰਤ ਤੱਕ ਅਨਿਸ਼ਚਿਤਤਾ ਬਣੀ ਰਹੀ। ਟਰੰਪ ਨੇ ਕੋਵਿਡ-19 ਨੂੰ ਫੈਲਾਉਣ ਦਾ ਦੋਸ਼ ਚੀਨ ਉਪਰ ਲਾ ਕੇ ਅਤੇ ਸੰਸਾਰ ਸਿਹਤ ਸੰਗਠਨ ਨੂੰ ਜ਼ਿੰਮੇਵਾਰ ਕਹਿ ਕੇ ਖੁਦ ਬਰੀ ਹੋਣ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਉਹ ਸਫਲ ਨਹੀਂ ਹੋਏ। ਫਿਰ ਵੀ ਡੋਨਾਲਡ ਟਰੰਪ ਨੂੰ ਪਿੰਡਾਂ ਅਤੇ ਜੋਅ ਬਾਇਡਨ ਨੂੰ ਸ਼ਹਿਰਾਂ 'ਚੋਂ ਵੱਧ ਵੋਟ ਮਿਲੀ ਹੈ ਭਾਵ ਪੜ੍ਹੇ-ਲਿਖੇ ਵਰਗ ਨੇ ਡੋਨਾਲਡ ਟਰੰਪ ਨੂੰ ਮੂੰਹ ਨਹੀਂ ਲਾਇਆ।



ਅਮਰੀਕਾ ਵਿੱਚ 1828 ਵਿੱਚ ਪਹਿਲੀ ਵਾਰ ਰਾਸ਼ਟਰਪਤੀ ਦੀ ਚੋਣ ਹੋਈ ਸੀ, ਜਿਸ ਵਿੱਚ 57.6 ਫੀਸਦੀ ਵੋਟਰਾਂ ਨੇ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ ਸੀ। ਉਦੋਂ ਤੋਂ ਅੱਜ ਤੱਕ 1876 ਵਿੱਚ ਸਭ ਤੋਂ ਵੱਧ 81.8 ਫੀਸਦੀ ਵੋਟਰਾਂ ਨੇ ਆਪਣੀਆਂ ਵੋਟਾਂ ਪਾਈਆਂ ਸਨ ਅਤੇ 1996 ਵਿੱਚ ਸਭ ਤੋਂ ਘੱਟ 49 ਫੀਸਦੀ ਵੋਟਰਾਂ ਨੇ ਪਾਈਆਂ ਸਨ। ਸ਼ੁਰੂ ਵਿੱਚ ਔਰਤਾਂ ਆਪਣੇ ਵੋਟ ਦੇ ਹੱਕ ਦੀ ਵਰਤੋਂ ਘੱਟ ਕਰਦੀਆਂ ਸਨ, ਪਰ 1980 ਵਿੱਚ ਮਰਦ ਵੋਟਰਾਂ ਤੋਂ ਵਧੇਰੇ ਗਿਣਤੀ ਵਿੱਚ ਵੋਟਾਂ ਪਾਈਆਂ ਸਨ। ਉਸ ਤੋਂ ਬਾਅਦ ਔਰਤਾਂ ਹਰ ਚੋਣ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲੱਗ ਗਈਆਂ। 2016 ਦੇ 59.2 ਫੀਸਦੀ ਦੇ ਮੁਕਾਬਲੇ ਇਸ ਵਾਰ 66.9 ਫੀਸਦੀ ਵੋਟਰਾਂ ਨੇ ਵੋਟਾਂ ਪਾਈਆਂ। ਇਸ ਵਾਰ 23 ਕਰੋੜ ਵੋਟਰਾਂ 'ਚੋਂ 16 ਕਰੋੜ ਵੋਟਰਾਂ ਨੇ ਵੋਟ ਪਾਈ ਹੈ।

ਫੈਡਰਲ ਢਾਂਚੇ ਵਾਲੇ ਦੇਸ਼ ਅਮਰੀਕਾ ਦੇ 50 ਰਾਜ ਹਨ। ਹਰ ਰਾਜ ਦੇ ਆਪਣੇ ਕਾਨੂੰਨ ਤੇ ਪ੍ਰਬੰਧ ਹਨ, ਜਿਸ ਵਿੱਚ ਰਾਸ਼ਟਰਪਤੀ ਦਾ ਕੋਈ ਦਖਲ ਨਹੀਂ ਹੁੰਦਾ। ਉਸ ਰਾਜ ਦਾ ਗਵਰਨਰ ਓਥੋਂ ਦਾ ਮੁਖੀ ਹੁੰਦਾ ਹੈ। ਇਥੋਂ ਦੀ ਚੋਣ ਪ੍ਰਣਾਲੀ ਵੀ ਵੱਖਰੀ ਕਿਸਮ ਦੀ ਹੈ। ਹਰ ਰਾਜ ਦੇ ਵੋਟਰਾਂ ਦੀਆਂ ਆਪੋ ਆਪਣੇ ਰਾਜ ਵਿੱਚ ਵੋਟਾਂ ਪਾਈਆਂ ਤੇ ਗਿਣੀਆਂ ਜਾਂਦੀਆਂ ਹਨ। ਹਰ ਰਾਜ ਦੀ ਆਪਣੀ ਆਬਾਦੀ ਅਨੁਸਾਰ ਇਲੈਕਟ੍ਰੋਲ ਵੋਟਾਂ ਹੁੰਦੀਆਂ ਹਨ। ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਇਹ ਇਲੈਕਟ੍ਰੋਲ ਵੋਟਾਂ ਕਰਦੀਆਂ ਹਨ। ਵੋਟਾਂ ਪੈਣ ਦਾ ਭਾਵੇਂ ਇੱਕ ਦਿਨ ਪੱਕਾ ਹੁੰਦਾ ਹੈ, ਪਰ ਵੋਟਰ ਇਸ਼ ਤੋਂ ਪਹਿਲਾਂ ਵੀ ਵੋਟ ਪਾ ਸਕਦੇ ਹਨ। ਬਹੁਤੇ ਵੋਟਰ ਪਹਿਲਾਂ ਵੋਟ ਪਾ ਦਿੰਦੇ ਹਨ। ਡਾਕ ਰਾਹੀਂ ਵੋਟ ਨੂੰ ਪਹਿਲ ਦਿੱਤੀ ਜਾਂਦੀ ਹੈ। ਸੀਨੀਅਰ ਸਿਟੀਜ਼ਨ ਨੂੰ ਚੋਣ ਤੋਂ ਪਹਿਲਾਂ ਡਾਕ ਰਾਹੀਂ ਬੈਲਟ ਪੇਪਰ ਭੇਜ ਦਿੱਤਾ ਜਾਂਦਾ ਹੈ। ਕਈ ਰਾਜਾਂ ਵਿੱਚ ਸਾਰੇ ਵੋਟਰਾਂ ਨੂੰ ਬੈਲਟ ਪੇਪਰ ਡਾਕ ਰਾਹੀਂ ਭੇਜ ਦਿੱਤੇ ਜਾਂਦੇ ਹਨ। ਵੋਟਰ ਬੈਲਟ ਪੇਪਰ ਟਿੱਕ ਕਰ ਕੇ ਬੰਦ ਲਿਫਾਫੇ ਵਿੱਚ ਡਾਕ ਰਾਹੀਂ ਜਾਂ ਦਸਤੀ ਚੋਣ ਅਧਿਕਾਰੀ ਦੇ ਦਫਤਰ ਵਿੱਚ ਜਮ੍ਹਾਂ ਕਰਾ ਸਕਦੇ ਹਨ। ਵੋਟਾਂ ਵਾਲੇ ਦਿਨ ਤੱਕ ਬਹੁਤ ਥੋੜ੍ਹੇ ਵੋਟਰ ਵੋਟ ਪਾਉਣ ਲਈ ਰਹਿ ਜਾਂਦੇ ਹਨ। ਇਸ ਲਈ ਵੋਟ ਪਾਉਣ ਸਮੇਂ ਭੀੜ ਨਹੀਂ ਹੁੰਦੀ ਅਤੇ ਨਾ ਕੋਈ ਲੜਾਈ-ਝਗੜੇ ਦਾ ਡਰ ਹੁੰਦਾ ਹੈ।

ਭਾਰਤ ਦੀ ਤਰ੍ਹਾਂ ਕੋਈ ਉਮੀਦਵਾਰ ਆਪਣਾ ਬੂਥ ਪੱਧਰ 'ਤੇ ਸਟਾਲ ਵਗੈਰਾ ਨਹੀਂ ਲਾਉਂਦਾ। ਵੋਟਾਂ ਭੇਜਣੀਆਂ ਅਤੇ ਪਵਾਉਣੀਆਂ ਆਦਿ ਸਭ ਸਥਾਨਕ ਚੋਣ ਦਫਤਰ ਦਾ ਕੰਮ ਹੁੰਦਾ ਹੈ। ਵੋਟਾਂ ਬੈਲਟ ਪੇਪਰ ਨਾਲ ਪੈਂਦੀਆਂ ਹਨ, ਇਸ ਲਈ ਨਤੀਜਾ ਨਿਕਲਣ ਵਿੱਚ ਦੇਰੀ ਹੋ ਜਾਂਦੀ ਹੈ, ਪਰ ਕੋਈ ਹੇਰਾਫੇਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਦੁਨੀਆ ਦਾ ਸਭ ਤੋਂ ਵਿਕਸਤ ਦੇਸ਼ ਇਲੈਕਟ੍ਰੋਨਿਕ ਪ੍ਰਣਾਲੀ ਦੀ ਵਰਤੋਂ ਨਹੀਂ ਕਰਦਾ। ਪੰਜਾਹ ਰਾਜਾਂ ਦੀਆਂ ਕੁੱਲ 538 ਇਲੈਕਟ੍ਰੋਲ ਵੋਟਾਂ ਹਨ। ਜਿਸ ਉਮੀਦਵਾਰ ਨੂੰ ਘੱਟੋ-ਘੱਟ 270 ਵੋਟਾਂ ਮਿਲ ਜਾਣ, ਉਹ ਚੋਣ ਜਿੱਤ ਜਾਂਦਾ ਹੈ। ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਇਸ ਦੇ ਨਾਲ ਹੀ ਇੱਕੋ ਬੈਲਟ ਪੇਪਰ ਉਤੇ ਉਪ ਰਾਸ਼ਟਰਪਤੀ, ਗਵਰਨਰ, ਸੈਨੇਟਰ, ਪ੍ਰਤੀਨਿਧੀ ਸਭਾ ਦੇ ਮੈਂਬਰ, ਸੂਬਾਈ ਵਿਧਾਇਕਾਂ, ਜੱਜਾਂ ਅਤੇ ਹੋਰ ਲਗਭਗ ਤੀਹ ਅਹੁਦਿਆਂ ਦੀ ਚੋਣ ਹੁੰਦੀ ਹੈ। ਹੈਰਾਨੀ ਦੀ ਗੱਲ ਹੈ ਕਿ ਸਾਰਿਆਂ ਦਾ ਬੈਲਟ ਪੇਪਰ ਇੱਕੋ ਹੁੰਦਾ ਹੈ। ਚਾਰ ਸਾਲ ਬਾਅਦ ਵੋਟਾਂ ਪੈਂਦੀਆਂ ਹਨ। ਵਿੱਚ-ਵਿਚਾਲੇ ਵੋਟਾਂ ਨਹੀਂ ਪੈਂਦੀਆਂ। ਜੇ ਰਾਸ਼ਟਰਪਤੀ ਅਸਤੀਫਾ ਦੇ ਦੇਵੇ ਜਾਂ ਕਿਸੇ ਹੋਰ ਵਜ੍ਹਾ ਕਰ ਕੇ ਰਾਸ਼ਟਰਪਤੀ ਨਾ ਰਹੇ ਤਾਂ ਦੁਬਾਰਾ ਚੋਣ ਨਹੀਂ ਹੁੰਦੀ, ਉਪ ਰਾਸ਼ਟਰਪਤੀ ਹੀ ਰਾਸ਼ਟਰਪਤੀ ਦੇ ਫਰਜ਼ ਨਿਭਾਉਂਦਾ ਹੈ। ਸੈਨੇਟ ਦੀਆਂ 35 ਸੀਟਾਂ ਤੇ ਪ੍ਰਤੀਨਿਧੀ ਸਭਾ ਦੀਆਂ 435 ਸੀਟਾਂ ਲਈ ਚੋਣ ਹੋਈ ਹੈ। ਇਥੇ ਦੋ ਪਾਰਟੀ ਪ੍ਰਣਾਲੀ ਚੱਲਦੀ ਹੈ। ਭਾਵੇਂ ਕੁਝ ਆਜ਼ਾਦ ਉਮੀਦਵਾਰ ਵੀ ਖੜੇ ਜਾਂਦੇ ਹਨ, ਪਰ ਉਹ ਜਿੱਤਦੇ ਕਦੇ ਨਹੀਂ।

ਭਾਰਤ ਵਿੱਚ ਇੱਕ ਅਹੁਦੇ ਲਈ ਚੋਣਾਂ ਦਾ ਕਿੰਨਾ ਖਿਲਾਰਾ ਹੁੰਦਾ ਹੈ। ਅਮਰੀਕਾ ਵਿੱਚ ਵੋਟਾਂ ਸ਼ਾਂਤਮਈ ਪੈਂਦੀਆਂ ਹਨ। ਇਹ ਪਹਿਲੀ ਵਾਰ ਹੋਇਆ ਹੈ ਕਿ ਡੋਨਾਲਡ ਟਰੰਪ ਨੇ ਹੇਰਾਫੇਰੀ ਦੇ ਦੋਸ਼ ਲਾਏ ਹਨ, ਜਿਨ੍ਹਾਂ ਨੂੰ ਚੋਣ ਅਧਿਕਾਰੀਆਂ ਨੇ ਰੱਦ ਕਰ ਦਿੱਤਾ ਹੈ। ਇੱਥੇ ਫੈਡਰਲ ਢਾਂਚੇ ਵਿੱਚ ਰਾਜਾਂ ਦਾ ਮੁਖੀ ਗਵਰਨਰ ਹੁੰਦਾ ਹੈ। ਕਈ ਰਾਜਾਂ ਵਿੱਚ ਗਵਰਨਰ ਕਿਸੇ ਹੋਰ ਪਾਰਟੀ ਦਾ ਅਤੇ ਵਿਧਾਇਕਾਂ ਦਾ ਬਹੁਮਤ ਕਿਸੇ ਹੋਰ ਪਾਰਟੀ ਦਾ ਹੁੰਦਾ ਹੈ, ਪਰ ਸਰਕਾਰਾਂ ਬਿਲਕੁਲ ਠੀਕ-ਠਾਕ ਕੰਮ ਕਰਦੀਆਂ ਰਹਿੰਦੀਆਂ ਹਨ, ਕੋਈ ਟਕਰਾਅ ਨਹੀਂ ਹੁੰਦਾ। ਭਾਰਤ ਨੂੰ ਅਜਿਹੀ ਪ੍ਰਣਾਲੀ ਤੋਂ ਸਿੱਖਣਾ ਚਾਹੀਦਾ ਹੈ।


ਇਸ ਵਾਰ ਅਮਰੀਕਾ ਵਿਚ ਪਹਿਲੀ ਵਾਰ ਹੋਇਆ ਕਿ ਡੋਨਾਲਡ ਟਰੰਪ ਦੀ ਮਦਦ ਕਰਨ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਵਿੱਚ ਜਾ ਕੇ ਅਮਰੀਕਾ ਵਿੱਚ ਵਸੇ ਭਾਰਤੀਆਂ ਦਾ ਜਲਸਾ ਕੀਤਾ, ਜਿਸ ਵਿੱਚ ਟਰੰਪ ਵੀ ਸ਼ਾਮਲ ਹੋਏ ਤੇ ਮੋਦੀ ਨੇ ਭਾਰਤੀਆਂ ਨੂੰ ਉਨ੍ਹਾਂ ਦੀ ਮਦਦ ਕਰਨ ਲਈ ਬੇਨਤੀ ਕੀਤੀ। ਮੋਦੀ ਨੇ 'ਇੱਕ ਵਾਰ ਫੇਰ ਟਰੰਪ ਸਰਕਾਰ' ਦਾ ਨਾਅਰਾ ਦਿੱਤਾ ਸੀ। ਇਸੇ ਤਰ੍ਹਾਂ ਟਰੰਪ ਵੀ ਭਾਰਤ ਆਏ ਤੇ ਉਨ੍ਹਾਂ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਉਹ ਬੜਬੋਲੇ ਸੁਭਾਅ ਦੇ ਹਨ। ਉਨ੍ਹਾਂ ਜੋਅ ਬਾਇਡਨ ਨਾਲ ਟੀ ਵੀ ਉੱਤੇ ਬਹਿਸ ਵਿੱਚ ਭਾਰਤ ਨੂੰ ਗੰਦਾ ਦੇਸ਼ ਕਹਿ ਦਿੱਤਾ ਸੀ। ਟਰੰਪ ਅਤੇ ਮੋਦੀ ਦੀ ਦੋਸਤੀ ਜੱਗ ਜ਼ਾਹਰ ਹੈ। ਅਮਰੀਕਨ ਭਾਰਤੀ ਟਰੰਪ ਨੂੰ 'ਅਮਰੀਕਾ ਦਾ ਮੋਦੀ' ਕਹਿੰਦੇ ਹਨ। ਟਰੰਪ ਸਿਰਫ ਅਮਰੀਕੀ ਨਾਗਰਿਕਾਂ ਨੂੰ ਪਹਿਲ ਦਿੰਦੇ ਹਨ। ਉਨ੍ਹਾਂ ਅਨੁਸਾਰ ਅਮਰੀਕੀ ਬੇਰੁਜ਼ਗਾਰ ਹਨ, ਪਰ ਬਾਹਰਲੇ ਦੇਸ਼ਾਂ 'ਚੋਂ ਆਏ ਪਰਵਾਸੀ ਨੌਕਰੀਆਂ ਦਾ ਆਨੰਦ ਮਾਣ ਰਹੇ ਹਨ।

ਭਾਰਤੀਆਂ ਲਈ ਇੱਕ ਹੋਰ ਮਾਣ ਦੀ ਗੱਲ ਹੈ ਕਿ ਡੈਮੋਕ੍ਰੇਟਿਕ ਪਾਰਟੀ ਵੱਲੋਂ ਉਪ ਰਾਸ਼ਟਰਪਤੀ ਵਜੋਂ ਚੁਣੀ ਗਈ ਕਮਲਾ ਹੈਰਿਸ ਦੀ ਮਾਤਾ ਸ਼ਈਮਾਲਾ ਗੋਪਾਲਨ ਭਾਰਤੀ ਸੀ। ਅਮਰੀਕੀ ਇਤਿਹਾਸ ਵਿੱਚ ਉਹ ਉਪ ਰਾਸ਼ਟਰਪਤੀ ਬਣਨ ਵਾਲੀ ਪਹਿਲੀ ਪਰਵਾਸੀ ਔਰਤ ਹੈ। ਇਨ੍ਹਾਂ ਚੋਣਾਂ ਵਿੱਚ 18 ਭਾਰਤੀ ਮੂਲ ਦੇ ਅਮਰੀਕਨ ਸੈਨੇਟਰ ਤੇ ਪ੍ਰਤੀਨਿਧ ਸਭਾ ਲਈ ਚੁਣੇ ਗਏ ਹਨ, ਜਿਨ੍ਹਾਂ ਵਿੱਚ ਦੋ ਭਾਰਤੀ ਮੂਲ ਦੀਆਂ ਔਰਤਾਂ ਪ੍ਰੋਮਿਲਾ ਜੈਪਾਲ ਅਤੇ ਹੀਰਲ ਤ੍ਰਿਪਨਾਨੀ ਹਨ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


# ਜਦੋਂ ਨੂਰ ਮੁੜ ਨੂਰੋ-ਨੂਰ ਹੋ ਗਿਆ

-ਸਵਰਨ ਸਿੰਘ ਭੰਗੂ-

ਮਨਭਾਉਂਦੀਆਂ ਲਿਖਤਾਂ ਸਾਂਭ ਲੈਣਾ ਆਦਤ ਵਿੱਚ ਸ਼ਾਮਲ ਹੈ। ਸਤੰਬਰ ਦੇ ਆਖਰੀ ਹਫਤੇ ਕਾਗਜ਼ ਫੋਲਦਿਆਂ ਅੱਠ-ਦਸ ਸਾਲ ਪਹਿਲਾਂ ਛਪੀ ਲਿਖਤ 'ਨੂਰਾਂ ਦਾ ਰੁਪੱਈਆ' ਮਿਲ ਗਈ। ਇਹ ਗੁਰਪਾਲ ਸਿੰਘ ਨੂਰ ਦੀ ਆਪ-ਬੀਤੀ 'ਤੇ ਆਧਾਰਤ ਸੀ, ਜਦੋਂ ਭਾਰਤ ਪਾਕਿਸਤਾਨ ਵੰਡ ਦੀ ਫਿਰਕੂ ਹਨੇਰੀ ਦੌਰਾਨ ਇੱਕ ਦਿਨ ਉਹ ਖੇਤਾਂ ਵਿੱਚ ਆਪਣੇ ਭਰਾ ਦੀ ਰੋਟੀ ਲੈ ਕੇ ਜਾ ਰਿਹਾ ਸੀ ਤਾਂ ਦੇਖਿਆ ਤਾਂ ਇੱਕ ਔਰਤ ਬੱਚੇ ਨੂੰ ਜਨਮ ਦੇ ਰਹੀ ਸੀ। ਨੇੜਲੇ ਖੂਹ ਤੋਂ ਆਪਣੀ ਪੱਗ ਭਿਉਂ ਕੇ ਗੁਰਪਾਲ ਸਿੰਘ ਨੇ ਉਸ ਮੁਸਲਮਾਨ ਔਰਤ ਦੇ ਮੂੰਹ ਵਿੱਚ ਪਾਣੀ ਨਿਚੋੜਿਆ ਸੀ। ਦੇਰ ਲਾ ਕੇ ਖੇਤ ਪਹੁੰਚਣ ਦਾ ਕਾਰਨ ਪੁੱਛਣ ਤੇ ਉਸ ਨੇ ਦੱਸਿਆ ਤਾਂ ਉਸ ਦੇ ਫੌਜੀ ਭਰਾ ਨੇ ਉਸ ਦੇ ਮੋਢੇ ਉਤੇ ਹੱਥ ਧਰ ਕੇ 'ਆਹ ਕੀਤਾ ਈ ਫੌਜੀਆਂ ਵਾਲਾ ਕੰਮ' ਕਹਿ ਕੇ ਸਲਾਹਿਆ ਸੀ। ਉਸ ਦੇ ਅਨੁਸਾਰ ਭਰਾ ਦੇ ਇਨ੍ਹਾਂ ਬੋਲਾਂ ਦੀ ਬਦੌਲਤ ਹੀ ਉਸ ਨੇ ਬਾਅਦ ਵਿੱਚ ਫੌਜ ਵਿੱਚ ਭਰਤੀ ਹੋਣ ਨੂੰ ਪਹਿਲ ਦਿੱਤੀ ਸੀ।

ਫਿਰ ਕੁਝ ਸਮੇਂ ਬਾਅਦ ਜਦੋਂ ਮੁਸਲਮਾਨ ਪਰਵਾਰ ਪਾਕਿਸਤਾਨ ਜਾ ਰਹੇ ਸਨ ਤਾਂ ਉਹ ਆਪਣੇ ਭਰਾ ਨੂੰ ਨਾਲ ਲੈ ਕੇ ਉਸ ਔਰਤ ਨੂੰ ਮਿਲਣ ਦੀ ਇੱਛਾ ਨਾਲ ਮੁਸਲਮਾਨ ਘਰਾਂ ਵਿੱਚ ਪਹੁੰਚਦਾ ਹੈ। ਬਾਲ ਨੂੰ ਦੁੱਧ ਚੁੰਘਾਉਂਦੀ ਔਰਤ ਉਸ ਨੂੰ ਪਛਾਣ ਕੇ ਅਸੀਸਾਂ ਦੀ ਝੜੀ ਲਾਉਂਦਿਆਂ ਘਰ ਦੇ ਅੰਦਰ ਲੈ ਗਈ ਅਤੇ ਚਾਂਦੀ ਦਾ ਰੁਪੱਈਆ ਉਸ ਦੇ ਹੱਥ 'ਤੇ ਰੱਖਦਿਆਂ ਕਹਿੰਦੀ ਹੈ, "ਮੇਰੇ ਸੋਹਣਿਆ ਵੀਰਾ, ਇਨਕਾਰ ਨਾ ਕਰੀਂ, ਪਤਾ ਨਹੀਂ ਅੱਜ ਦੇ ਵਿੱਛੜੇ ਕਦੋਂ ਮਿਲਾਂਗੇ?"

ਅੰਤਾਂ ਦੀ ਭਾਵੁਕ ਕਰਨ ਵਾਲੀ ਇਹ ਲਿਖਤ ਪੜ੍ਹਨ ਤੋਂ ਬਾਅਦ ਮੈਂ ਦੁਚਿੱਤੀ ਜਿਹੀ ਵਿੱਚ ਮੋਬਾਈਲ ਉਤੇ ਦਸਤਕ ਦਿੱਤੀ ਤਾਂ ਇੱਕ ਬੀਬੀ ਨੇ ਕਿਹਾ ਕਿ ਆਹ ਲਓ, ਕਰੋ ਬਾਪੂ ਜੀ ਨਾਲ ਗੱਲ। ਮੇਰੀ ਖੁਸ਼ੀ ਦੀ ਹੱਦ ਨਾ ਰਹੀ, ਕਿਉਂਕਿ ਅੱਜ ਮੈਂ ਉਸ ਅਦਬੀ ਬਜ਼ੁਰਗ ਨਾਲ ਗੱਲ ਕਰ ਰਿਹਾ ਸਾਂ। ਉਨ੍ਹਾਂ ਦੱਸਿਆ ਕਿ ਅੱਜਕੱਲ੍ਹ ਨੱਬੇ ਸਾਲ ਦੀ ਉਮਰ ਵਿੱਚ ਵੀ ਉਸ ਦੇ ਪਰਵਾਰ ਨੇ ਇਹ ਸਿੱਕਾ ਵਿਰਾਸਤ ਵਜੋਂ ਸੰਭਾਲ ਕੇ ਰੱਖਿਆ ਹੋਇਆ ਹੈ। ਸੁਣ ਕੇ ਅੱਖ ਭਰੀ ਅਤੇ ਇਹ ਭਾਵੁਕ-ਗਾਥਾ ਮੈਂ ਆਪਣੇ ਪਰਵਾਰ ਨਾਲ ਸਾਂਝੀ ਕੀਤੀ।

ਅਕਤੂਬਰ ਦੇ ਮੱਧ ਜਿਹੇ ਵਿੱਚ ਮੇਰੇ ਪਰਵਾਰਕ ਫਿਲਮੀ ਚਿਹਰੇ ਗੁਰਪ੍ਰੀਤ ਕੌਰ ਭੰਗੂ ਅਤੇ ਮਲਕੀਤ ਸਿੰਘ ਰੌਣੀ ਮੇਰੇ ਨਾਲ ਬਰਨਾਲਾ ਵਿੱਚ ਰਹਿੰਦੇ ਬਜ਼ੁਰਗ ਨੂੰ ਮਿਲਣ ਚੱਲ ਪਏ। ਖੁੱਲ੍ਹੇ ਡੁੱਲ੍ਹੇ ਘਰ ਵਿੱਚ ਪਹੁੰਚੇ ਤਾਂ ਹੈਰਾਨੀ ਭਰੀ ਖੁਸ਼ੀ ਦੌਰਾਨ ਪਰਵਾਰ ਤੇ ਬਜ਼ੁਰਗ ਦਾ ਚਾਅ ਦੇਖਿਆਂ ਹੀ ਬਣਦਾ ਸੀ। ਅਸੀਂ 'ਨੂਰ' ਨਾਲ ਬਗਲਗੀਰ ਹੋਏ ਅਤੇ ਨੂਰਾਂ ਦਾ ਦਿੱਤਾ ਸਿੱਕਾ ਫੜ ਕੇ ਮੱਥੇ ਨਾਲ ਲਾਇਆ। ਮੁੜ 1948 ਵਾਲਾ ਬਿਰਤਾਂਤ ਸੁਣਾਉਂਦਿਆਂ ਬਜ਼ੁਰਗ ਦਾ ਗਲਾ ਵਾਰ-ਵਾਰ ਭਰਿਆ, ਉਸ ਵਿਰਲਾਪ ਕੀਤਾ, ਜਿਵੇਂ ਅੱਜ ਵੀ ਉਹ ਸਭ ਉਸ ਦੇ ਸਾਹ-ਮਣੇ ਵਾਪਰ ਰਿਹਾ ਹੋਵੇ।

ਫਿਰ ਸਹਿਜ ਹੁੰਦਿਆਂ ਉਨ੍ਹਾਂ ਸਾਡੀ ਆਮਦ ਨੂੰ ਧੰਨ-ਭਾਗ ਕਿਹਾ, ਇੱਕ ਗੀਤ ਸੁਣਾਇਆ, ਆਪਣੀਆਂ ਰਚਨਾਵਾਂ ਦੀਆਂ ਪੁਸਤਕਾਂ ਭੇਟ ਕੀਤੀਆਂ ਤੇ ਕਿਹਾ ਕਿ ਅੱਜ ਤਾਂ ਕਦਰਦਾਨਾਂ ਦੀ ਬਦੌਲਤ ਮੇਰੇ ਅੰਦਰ ਇੰਨਾ ਜੋਸ਼ ਆ ਗਿਆ ਹੈ ਕਿ ਬਿਨਾਂ ਕਿਸੇ ਸਹਾਰੇ ਤੁਰ ਸਕਦਾ ਹਾਂ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਦਰਜਨਾਂ ਸਾਹਿਤਕ ਪੁਸਤਕਾਂ ਦਾ ਰਚੈਤਾ ਹੈ ਅਤੇ ਨੂਰਾਂ ਦੀ ਯਾਦ ਵਿੱਚ ਉਸ ਨੇ ਆਪਣੇ ਨਾਂਅ ਨਾਲ ਪੱਕੇ ਤੌਰ ਉੱਤੇ ਨੂਰ ਲਾ ਲਿਆ, ਇੱਥੋਂ ਤੱਕ ਉਹ ਆਪਣੀ ਲੰਮੀ ਉਮਰ ਦਾ ਸਿਹਰਾ ਵੀ ਨੂਰ ਦੀਆਂ ਅਸੀਸਾਂ ਨੂੰ ਦਿੰਦਾ ਹੈ। ਉਨ੍ਹਾਂ ਹਾਉਕਾ ਭਰਦਿਆਂ ਕਿਹਾ ਕਿ ਉਸ ਦੇ ਸਾਹਮਣੇ ਪੈਦਾ ਹੋਇਆ ਉਹ ਬਾਲ ਅੱਜ ਤਾਂ 72 ਸਾਲਾਂ ਦਾ ਹੋਵੇਗਾ। ਉਸ ਦਾ ਕੀ ਨਾਂਅ ਹੈ, ਕਿੱਥੇ ਰਹਿੰਦਾ ਹੈ, ਪਤਾ ਨਹੀਂ। ਉਸ ਅਨੁਸਾਰ ਉਹ ਫੌਜ ਵਿੱਚ ਭਰਤੀ ਹੋਇਆ (ਛੁੱਟੀ ਆਉਣ ਸਮੇਂ ਮਾਂ 'ਨੂਰ' ਦੇ ਸੰਭਾਲੇ ਸਿੱਕੇ ਨੂੰ ਦਿਖਾ ਦਿੰਦੀ), ਸੇਵਾ ਮੁਕਤ ਹੋ ਗਿਆ, ਪਰ ਉਮਰ ਨੂਰਾਂ ਨੂੰ ਦੇਖਣ ਲਈ, ਮਿਲਣ ਲਈ, ਦਿਲ ਨੂੰ ਖੋਹ ਪੈਂਦੀ ਰਹੀ ਹੈ, (ਹਟਕੋਰੇ ਭਰਦਿਆਂ) 'ਅੱਜ ਵੀ ਆਸਵੰਦ ਹਾਂ ਕਿ ਰੁਖ਼ਸਤ ਹੋਣ ਤੋਂ ਪਹਿਲਾਂ ਉਸ ਘਟਨਾਕ੍ਰਮ ਸਮੇਂ ਜਨਮੇ ਬਾਲ ਨੂੰ ਮਿਲ ਸਕਾਂ। ਉਹ ਮੈਨੂੰ ਦੇਖੇ, ਗੱਲ ਕਰ ਸਕੇ, ਉਸ ਦੇ ਪਰਵਾਰ ਬਾਰੇ ਜਾਣ ਸਕਾਂ।'

ਇਹ ਫੁਰਤੀਲਾ ਬਜ਼ੁਰਗ ਸਾਨੂੰ ਘਰ ਦੇ ਗੇਟ ਤੱਕ ਵਿਦਾ ਕਰਨ ਆਇਆ। ਮੁੜਦਿਆਂ ਅਸੀਂ ਉਸ ਨੂੰ ਹਸਰਤ ਨਾਲ ਨਿਹਾਰਿਆ। ਉਸ ਨਾਲ ਜੁੜੀਆਂ ਯਾਦਾਂ ਨੂੰ ਆਪੋ-ਆਪਣੀ ਕਲਪਨਾ ਨਾਲ ਜ਼ਰਬਾਂ ਦਿੰਦਿਆਂ ਅਸੀਂ ਇਸ ਦਿਨ ਨੂੰ ਯਾਦਗਾਰੀ ਬਣਾ ਕੇ ਵਾਪਸ ਪਰਤੇ।

# ਕਿਸਾਨਾਂ ਦੇ ਲੰਬੇ ਹੁੰਦੇ ਜਾ ਰਹੇ ਅੰਦੋਲਨ ਨਾਲ ਪੰਜਾਬ ਦੀ ਭਾਜਪਾ ਵਿੱਚ ਬੇਚੈਨੀ ਵਧਣ ਲੱਗੀ



ਚੰਡੀਗੜ੍ਹ, 9 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਵਾਲੇ ਮਾਮਲੇ ਦਾ ਅਜੇ ਤੱਕ ਕੋਈ ਹੱਲ ਨਾ ਨਿਕਲਣ ਕਰਕੇ ਕਿਸਾਨਾਂ ਦਾ ਅੰਦੋਲਨ ਲੰਬਾ ਹੁੰਦਾ ਜਾ ਰਿਹਾ ਹੈ। ਦੂਜੇ ਪਾਸੇ ਇਸ ਨਾਲ ਪੰਜਾਬ ਭਾਜਪਾ ਦੇ ਕਈ ਆਗੂਆਂ ਦੀ ਬੇਚੈਨੀ ਵਧ ਰਹੀ ਹੈ ਤੇ ਕੁਝ ਆਪਣੀ ਨਾਰਾਜ਼ਗੀ ਜਨਤਕ ਤੌਰ 'ਤੇ ਜ਼ਾਹਰ ਕਰ ਚੁੱਕੇ ਹਨ ਕਿ ਪੰਜਾਬ ਦੀ ਸਹੀ ਸਥਿਤੀ ਕੇਂਦਰ ਕੋਲ ਨਹੀਂ ਰੱਖੀ ਜਾ ਰਹੀ। ਕਈ ਸੀਨੀਅਰ ਆਗੂ ਇਹ ਕਹਿਣ ਵਾਲੇ ਆਗੂਆਂ ਦਾ ਸਮਰਥਨ ਕਰ ਰਹੇ ਹਨ ਕਿ ਖੇਤੀ ਕਾਨੂੰਨ ਦੇ ਵਿਵਾਦ ਵਿੱਚ ਸਿੱਧਾ ਕੁਝ ਕੇਂਦਰੀ ਆਗੂਆਂ ਦਾ ਦਖ਼ਲ ਹੈ।

ਇਸ ਮਾਮਲੇ ਵਿੱਚ ਭਾਜਪਾ ਦੇ ਸਾਬਕਾ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਭਾਵੇਂ ਖੇਤੀ ਕਾਨੂੰਨਾਂ ਦੇ ਕੇਸ ਵਿੱਚ ਹਾਈਕਮਾਨ ਕੋਲ ਸਹੀ ਸਥਿਤੀ ਨਾ ਦੱਸਣ ਦਾ ਮੁੱਦਾ ਉਠਾਇਆ ਸੀ, ਪਰ ਚਰਚਾ ਇਹ ਹੈ ਕਿ ਅੰਦਰਖਾਤੇ ਕਈ ਹੋਰ ਆਗੂ ਵੀ ਇਸ ਖੇਤੀ ਕਾਨੂੰਨਾਂ ਕਰਕੇ ਕਾਫ਼ੀ ਨਾਰਾਜ਼ ਹਨ। ਸੂਤਰਾਂ ਮੁਤਾਬਕ ਹਾਈਕਮਾਨ ਲਗਾਤਾਰ ਸਥਿਤੀ 'ਤੇ ਅੱਖ ਰੱਖ ਰਹੀ ਹੈ। ਪਤਾ ਲੱਗਾ ਹੈ ਕਿ ਅਕਤੂਬਰ ਦੇ ਦੂਜੇ ਹਫ਼ਤੇ ਚੰਡੀਗੜ੍ਹ ਵਿੱਚ ਹੋਈ ਇਕ ਮੀਟਿੰਗ ਵਿੱਚ ਇਸ ਕਾਨੂੰਨ ਨੂੰ ਕਿਸਾਨਾਂ ਵਾਸਤੇ ਸਹੀ ਨਾ ਦੱਸਣ ਵਾਲੇ ਆਗੂਆਂ ਦੀ ਗੱਲ ਚਾਹੇ ਸੁਣੀ ਗਈ ਸੀ, ਪਰ ਉਸ ਉੱਤੇ ਅਮਲ ਨਹੀਂ ਹੋਇਆ ਅਤੇ ਉਨ੍ਹਾ ਨਾਰਾਜ਼ ਆਗੂਆਂ ਨੇ ਪਾਰਟੀ ਛੱਡ ਦਿੱਤੀ ਸੀ। ਖੇਤੀ ਕਾਨੂੰਨਾਂ ਦੇ ਹੱਕ ਵਿੱਚ ਪੇਂਡੂ ਪਿਛੋਕੜ ਵਾਲੇ ਕੁਝ ਭਾਜਪਾ ਆਗੂਆਂ ਵੱਲੋਂ ਅਸਤੀਫ਼ੇ ਦੇਣ ਤੋਂ ਬਾਅਦ ਹੋਰ ਵੀ ਕਈ ਆਗੂਆਂ ਨੇ ਕਿਸਾਨਾਂ ਦੀ ਗੱਲ ਸੁਣਨ ਦੀ ਮੰਗ ਕੀਤੀ ਹੈ, ਪਰ ਹਾਈ ਕਮਾਨ ਇਸ ਬਾਰੇ ਅਜੇ ਤੱਕ ਚੁੱਪ ਹੈ। ਦੱਸਿਆ ਜਾਂਦਾ ਹੈ ਕਿ ਕੁਝ ਹਫ਼ਤੇ ਪਹਿਲਾਂ ਪੰਜਾਬ ਭਾਜਪਾ ਦੀ ਇੱਕ ਉਚ ਪੱਧਰੀ ਮੀਟਿੰਗ ਵਿੱਚ ਖੇਤੀ ਕਾਨੂੰਨ ਨੂੰ ਵਾਪਸ ਲੈਣ ਦੀ ਮੰਗ ਕਰਨ ਵਾਲੇ ਇੱਕ ਆਗੂ ਨੂੰ ਇੱਕ ਵੱਡੇ ਆਗੂ ਦੀ ਟਿੱਪਣੀ ਤੋਂ ਕਾਫ਼ੀ ਨਿਰਾਸ਼ਾ ਹੋਈ ਸੀ ਤੇ ਉਸ ਨੇ ਪਾਰਟੀ ਛੱਡ ਦਿੱਤੀ ਸੀ।

# ਪੰਜਾਬ ਦਾ ਕਿਸਾਨ ਅੱਗੋਂ ਖਾਦ ਸੰਕਟ ਵਿੱਚ ਵੀ ਘਿਰਿਆ

ਚੰਡੀਗੜ੍ਹ, 9 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਕਿਸਾਨ ਇਸ ਵਕਤ ਯੂਰੀਆ ਖਾਦ ਗੁਆਂਢੀ ਰਾਜਾਂ 'ਚੋਂ ਲਿਆਉਣ ਲਈ ਮਜਬੂਰ ਹਨ ਅਤੇ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਬਚਿਆ। ਮਾਲ ਗੱਡੀਆਂ ਬੰਦ ਹੋਣ ਕਰ ਕੇ ਪੰਜਾਬ ਵਿੱਚ ਖਾਦ ਨਹੀਂ ਆ ਰਹੀ ਅਤੇ ਸਬਜ਼ੀ ਕਾਸ਼ਤਕਾਰਾਂ ਨੂੰ ਫੌਰੀ ਯੂਰੀਆ ਖਾਦ ਦੀ ਲੋੜ ਹੈ। ਹਰਿਆਣਾ 'ਚੋਂ ਵੱਡੀ ਪੱਧਰ ਉਤੇ ਯੂਰੀਆ ਖਾਦ ਪੰਜਾਬ ਵਿੱਚ ਆਉਣ ਲੱਗ ਪਈ ਸੀ, ਪਰ ਹਰਿਆਣਾ ਸਰਕਾਰ ਨੇ ਪਤਾ ਲੱਗਦੇ ਸਾਰ ਹੀ ਪੰਜਾਬ ਦੇ ਕਿਸਾਨਾਂ ਦਾ ਰਾਹ ਰੋਕਣ ਦੇ ਲਈ ਹਰ ਤਰ੍ਹਾਂ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਇਸ ਵਕਤ ਪੰਜਾਬ ਵਿੱਚ ਕਣਕ ਦੀ ਬਿਜਾਈ ਸਿਖਰ 'ਤੇ ਹੈ। ਕਰੀਬ 35 ਲੱਖ ਹੈਕਟੇਅਰ ਰਕਬਾ ਕਣਕ ਦੀ ਬਿਜਾਈ ਹੇਠ ਆਉਣ ਵਾਲਾ ਹੈ। ਨਵੰਬਰ ਦੇ ਅਖੀਰ ਵਿੱਚ ਯੂਰੀਆ ਖਾਦ ਦੀ ਫਸਲ ਲਈ ਲੋੜ ਹੁੰਦੀ ਹੈ। ਪੰਜਾਬ ਨੂੰ ਕਰੀਬ 15 ਲੱਖ ਮੀਟਰਿਕ ਟਨ ਯੂਰੀਆ ਖਾਦ ਚਾਹੀਦੀ ਹੈ, ਜਿਸ ਵਿੱਚੋਂ ਅੱਸੀ ਹਜ਼ਾਰ ਮੀਟਕਿਕ ਟਨ ਸਿਰਫ ਸਬਜ਼ੀਆਂ ਵਾਸਤੇ ਲੋੜੀਂਦੀ ਹੈ। ਇਸ ਘਾਟ ਦੇ ਡਰੋਂ ਪੰਜਾਬ-ਹਰਿਆਣਾ ਸੀਮਾ ਨਾਲ ਦੇ ਸੈਂਕੜੇ ਪਿੰਡਾਂ ਦੇ ਕਿਸਾਨ ਹਰਿਆਣਾ 'ਚੋਂ ਖਾਦ ਲਿਆਉਣ ਲੱਗ ਪਏ ਹਨ। ਜਾਣਕਾਰ ਸੂਤਰਾਂ ਮੁਤਾਬਕ ਖੇਤੀ ਵਿਭਾਗ ਹਰਿਆਣਾ ਨੇ ਪਰਸੋਂ ਰਾਤ ਅੰਬਾਲਾ ਵਿੱਚ ਖਾਦ ਦੇ ਤਿੰਨ ਟਰੱਕ ਫੜੇ ਹਨ, ਜੋ ਪੰਜਾਬ ਆਉਣੇ ਸਨ। ਹਰਿਆਣਾ ਦੇ ਖੇਤੀ ਵਿਭਾਗ ਨੇ ਫੀਲਡ ਟੀਮਾਂ ਨੂੰ ਖਾਦ ਡੀਲਰਾਂ ਕੋਲ ਭੇਜ ਦਿੱਤਾ ਹੈ ਤਾਂ ਜੋ ਯੂਰੀਆ ਖਾਦ ਦੀ ਪੰਜਾਬ ਵਿੱਚ ਹੋਣ ਵਾਲੀ ਸਪਲਾਈ ਰੋਕੀ ਜਾ ਸਕੇ। ਪਤਾ ਲੱਗਾ ਹੈ ਕਿ ਮਾਲਵੇ ਦੇ ਪਟਿਆਲਾ, ਸੰਗਰੂਰ, ਬਰਨਾਲਾ, ਮਾਨਸਾ, ਬਠਿੰਡਾ ਤੇ ਮੁਕਤਸਰ ਜ਼ਿਲਿਆਂ ਦੇ ਕਿਸਾਨ ਹਰਿਆਣੇ 'ਚੋਂ ਖਾਦ ਲੈਣ ਲਈ ਕੈਥਲ, ਨਰਵਾਣਾ, ਜਾਖਲ ਤੇ ਰੋਹਤਕ ਤੱਕ ਜਾ ਰਹੇ ਹਨ। ਫਿਰੋਜ਼ਪੁਰ, ਫਾਜ਼ਿਲਕਾ ਅਤੇ ਮੁਕਤਸਰ ਦੇ ਕਿਸਾਨ ਗੰਗਾਨਗਰ ਤੇ ਹਨੂਮਾਨਗੜ੍ਹਤੋਂ ਖਾਦ ਲਿਆਉਂਦੇ ਹਨ।

ਭਾਰਤੀ ਕਿਸਾਨ ਯੂਨੀਅਨ ਦੀ ਫਾਜ਼ਿਲਕਾ ਇਕਾਈ ਦੇ ਪ੍ਰਧਾਨ ਸੁਖਮਿੰਦਰ ਸਿੰਘ ਨੇ ਦੱਸਿਆ ਕਿ ਕੇਂਦਰ ਸਰਕਾਰ ਦੀ ਧੱਕੇਸ਼ਾਹੀ ਕਰ ਕੇ ਕਿਸਾਨਾਂ ਨੂੰ ਦੂਸਰੇ ਰਾਜਾਂ 'ਚੋਂ ਖਾਦ ਲਿਆਉਣੀ ਪੈ ਰਹੀ ਹੈ। ਪਠਾਨਕੋਟ ਵੱਲ ਦੇ ਕਿਸਾਨ ਜੰਮੂ ਤੋਂ ਖਾਦ ਲਿਆ ਰਹੇ ਹਨ। ਪੰਜਾਬ ਵਿੱਚ ਨੈਸ਼ਨਲ ਫਰਟੀਲਾਈਜ਼ਰ (ਐਨ ਐਫ ਐਲ) ਦੇ ਬਠਿੰਡਾ ਅਤੇ ਨੰਗਲ ਵਿੱਚ ਪਲਾਂਟ ਹਨ, ਜਿੱਥੇ ਹਰ ਮਹੀਨੇ ਇੱਕ ਲੱਖ ਮੀਟ੍ਰਿਕ ਟਨ ਯੂਰੀਆ ਖਾਦ ਬਣਦੀ ਹੈ। ਦੋਵਾਂ ਤੋਂ ਰੋਜ਼ਾਨਾ ਤਿੰਨ ਹਜ਼ਾਰ ਮੀਟਰਿਕ ਟਨ ਯੂਰੀਆ ਦੀ ਸਪਲਾਈ ਹੋਣੀ ਚਾਹੀਦੀ ਹੈ, ਪ੍ਰੰਤੂ ਇੱਕ ਹਜ਼ਾਰ ਟਨ ਹੋ ਰਹੀ ਹੈ।

## ਗੈਸ ਕਟਰ ਗਿਰੋਹ ਵੱਲੋਂਸਟੇਟ ਬੈਂਕ ਦੇ ਏ ਟੀ ਐਮਜ਼ ਨੂੰ ਲੁੱਟਣ ਦੀ ਕੋਸ਼ਿਸ਼

ਗੁਰਾਇਆ, 9 ਨਵੰਬਰ (ਪੋਸਟ ਬਿਊਰੋ)- ਇਸ ਇਲਾਕੇ ਵਿੱਚ ਲਗਾਤਾਰ ਹੋ ਰਹੀਆਂ ਵਾਰਦਾਤਾਂ ਕਾਰਨ ਪਿੰਡ ਰੁੜਕਾ ਕਲਾਂ ਦੇ ਵਾਸੀਆਂ ਵਿੱਚ ਪੁਲਸ ਪ੍ਰਸ਼ਾਸਨ ਖ਼ਿਲਾਫ਼ ਰੋਸ ਪਾਇਆ ਜਾ ਰਿਹਾ ਹੈ। ਤਾਜ਼ਾ ਘਟਨਾ 'ਚ ਗੈਸ ਕਟਰ ਗਿਰੋਹ ਦੇ ਪੰਜ ਦੇ ਕਰੀਬ ਲੁਟੇਰਿਆਂ ਨੇ ਐਸ ਬੀ ਆਈ (ਸਟੇਟ ਬੈਂਕ ਆਫ ਇੰਡੀਆ) ਦੀ ਬਰਾਂਚ ਰੁੜਕਾ ਕਲਾਂ ਦੇ ਏ ਟੀ ਐਮ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ ਸੀ, ਪਰ ਲੁਟੇਰੇ ਵਾਰਦਾਤ ਵਿਚ ਕਾਮਯਾਬ ਨਹੀਂ ਹੋ ਸਕੇ।

ਇਸ ਬਾਰੇ ਬੈਂਕ ਦੇ ਅਸਿਸਟੈਂਟ ਮੈਨੇਜਰ ਅਮਰੀਕ ਚੰਦ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਪੰਜ ਵਜੇ ਦੇ ਕਰੀਬ ਬੈਂਕ ਮੈਨੇਜਰ ਦਾ ਫੋਨ ਆਇਆ ਕਿ ਬੈਂਕ ਦੇ ਬਾਹਰ ਲੱਗੇ ਏ ਟੀ ਐਮ ਦੇ ਸ਼ਟਰ ਅਤੇ ਜਿੰਦੇ ਭੰਨ ਕੇ ਲੁੱਟਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਨੇ ਮੌਕੇ 'ਤੇ ਆ ਕੇ ਦੇਖਣ ਪਿੱਛੋਂ ਇਸ ਦੀ ਸੂਚਨਾ ਰੁੜਕਾ ਕਲਾਂ ਚੌਕੀ ਦੇ ਇੰਚਾਰਜ ਲਾਭ ਸਿੰਘ ਨੂੰ ਦਿੱਤੀ ਤਾਂ ਉਨ੍ਹਾ ਨੇ ਨੇੜੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਕੀਤੀ। ਏ ਟੀ ਐਮ ਅੰਦਰ ਲੱਗੇ ਕੈਮਰਿਆਂ ਅਤੇ ਮਸ਼ੀਨ ਉੱਤੇ ਲੁਟੇਰਿਆਂ ਨੇ ਸਪਰੇਅ ਕਰ ਦਿੱਤੀ ਸੀ, ਜਿਸ ਕਾਰਨ ਅੰਦਰ ਕੀ ਹੈ, ਉਹ ਸਪੱਸ਼ਟ ਨਹੀਂ ਹੋ ਸਕਿਆ, ਪਰ ਬੈਂਕ ਦਾ ਕੋਈ ਨੁਕਸਾਨ ਨਹੀਂ ਹੋਇਆ।

## ਗਾਇਕਾ ਅਨਮੋਲ ਗਗਨ ਆਮ ਆਦਮੀ ਪਾਰਟੀ ਯੂਥ ਵਿੰਗ ਪੰਜਾਬ ਦੀ ਉਪ ਪ੍ਰਧਾਨ ਬਣੀ



ਚੰਡੀਗੜ੍ਹ, 9 ਨਵੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਪੰਜਾਬ ਨੇ ਪਾਰਟੀ ਦੀ ਨੌਜਵਾਨ ਆਗੂ ਅਨਮੋਲ ਗਗਨ ਮਾਨ ਨੂੰ ਯੂਥ ਵਿੰਗ ਪੰਜਾਬ ਦੇ ਸੂਬਾ ਉਪ ਪ੍ਰਧਾਨ ਦੀ ਜ਼ਿੰਮੇਵਾਰੀ ਦਿਤੀ ਹੈ।

ਪੰਜਾਬੀ ਗਾਇਕੀ ਵਿੱਚ ਪਛਾਣ ਬਣਾਉਣ ਵਾਲੀ ਅਨਮੋਲ ਗਗਨ ਮਾਨ ਇਸੇ ਸਾਲ ਜੁਲਾਈ ਵਿੱਚ ਆਮ ਆਦਮੀ ਪਾਰਟੀ ਵਿੱਚ ਆਈ ਸੀ। ਉਸ ਨੂੰ ਯੂਥ ਵਿੰਗ ਦੀ ਉਪ ਪ੍ਰਧਾਨ ਬਣਾਏ ਜਾਣ ਦਾ ਐਲਾਨ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਭਗਵੰਤ ਸਿੰਘ ਮਾਨ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਨੇ ਕੀਤਾ। ਇਨ੍ਹਾਂ ਨੇਤਾਵਾਂ ਨੇ ਕਿਹਾ ਕਿ ਅਨਮੋਲ ਗਗਨ ਪਿਛਲੇ ਕਾਫੀ ਸਮੇਂ ਤੋਂ ਆਮ ਆਦਮੀ ਪਾਰਟੀ ਦੇ ਪੰਜਾਬ ਯੂਨਿਟ ਲਈ ਅਹਿਮ ਕੰਮ ਕਰ ਰਹੀ ਸੀ।

ਇਸ ਦੌਰਾਨ ਅਨਮੋਲ ਗਗਨ ਮਾਨ ਨੂੰ ਜ਼ਿੰਮੇਵਾਰੀ ਦਿੱਤੇ ਜਾਣ ਉੱਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਆਪਣੇ ਟਵੀਟ ਵਿੱਚ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਇਸ ਸਮੇਂ ਆਪਣੇ ਭਵਿੱਖ ਬਾਰੇ ਚਿੰਤਤ ਹੈ, ਜਿਸ ਕਾਰਨ ਉਹ ਆਮ ਆਦਮੀ ਪਾਰਟੀ ਵਿੱਚ ਵਿਸ਼ਵਾਸ ਪ੍ਰਗਟ ਕਰ ਰਹੇ ਹਨ। ਇਸ ਸਮੇਂ ਨੌਜਵਾਨਾਂ ਨੂੰ ਨਾਲ ਲੈ ਕੇ ਚੱਲਣ ਅਤੇ ਉਨ੍ਹਾਂ ਦੀ ਰਾਜਨੀਤੀ ਵਿੱਚ ਦਿਲਚਸਪੀ ਪੈਦਾ ਕਰਕੇ ਰਵਾਇਤੀ ਪਾਰਟੀਆਂ ਨੂੰ ਖੂੰਜੇ ਲਾਉਣਾ ਸਮੇਂ ਦੀ ਮੁੱਖ ਮੰਗ ਹੈ। ਪਾਰਟੀ ਵੱਲੋਂ ਦਿਤੀ ਨਵੀਂ ਜ਼ਿੰਮੇਵਾਰੀ ਲਈ ਪਾਰਟੀ ਦਾ ਧੰਨਵਾਦ ਕਰਦਿਆਂ ਅਨਮੋਲ ਗਗਨ ਮਾਨ ਨੇ ਕਿਹਾ ਕਿ ਪਾਰਟੀ ਨੇ ਉਨ੍ਹਾਂ 'ਤੇ ਵਿਸ਼ਵਾਸ ਪ੍ਰਗਟਾ ਕੇ ਉਨ੍ਹਾਂ ਨੂੰ ਸਨਮਾਨ ਦਿੱਤਾ ਹੈ, ਜਿਸ ਦੇ ਲਈ ਉਹ ਪਾਰਟੀ ਦੇ ਰਿਣੀ ਰਹੇਗੀ।

## ਬੱਸ ਅੱਡੇ ਦਾ ਚਾਰਜ ਲੈਣ ਤੋਂ ਪਹਿਲਾਂ ਹੀ ਸਰਕਾਰ ਬੈਕਫੁੱਟ ਉਤੇ ਆਈ

ਜਲੰਧਰ, 9 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਠੇਕੇ 'ਤੇ ਦਿੱਤੇ ਗਏ ਕਈ ਬੱਸ ਅੱਡਿਆਂ ਦਾ ਚਾਰਜ (ਮੈਨੇਜਮੈਂਟ) ਸੰਭਾਲਣ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਬੈਕਫੁੱਟ 'ਤੇ ਆ ਗਈ ਹੈ ਅਤੇ ਇਹ ਮਾਮਲਾ ਅੱਗੇ ਪਾ ਦਿੱਤਾ ਹੈ।

ਜਲੰਧਰ ਬੱਸ ਅੱਡੇ ਦਾ ਚਾਰਜ ਵੀ ਸਰਕਾਰ ਨੇ ਕੱਲ੍ਹ ਰਾਤ 12 ਵਜੇ ਸੰਭਾਲਣਾ ਸੀ ਪਰ ਫਿਲਹਾਲ ਇਸ ਫੈਸਲੇ ਨੂੰ ਵਿਚਾਲੇ ਰੋਕ ਦਿੱਤਾ ਗਿਆ ਹੈ ਅਤੇ ਠੇਕਾ ਚਲਾਉਣ ਵਾਲੀ ਕੰਪਨੀ ਨੂੰ ਪੈਸੇ ਜਮ੍ਹਾ ਕਰਾਉਣ ਲਈ ਕਿਹਾ ਗਿਆ ਹੈ। ਕਿੰਨੀ ਰਕਮ ਜਮ੍ਹਾ ਹੋਣ 'ਤੇ ਸਰਕਾਰ ਵੱਲੋਂ ਰਾਹਤ ਦਿੱਤੀ ਜਾਵੇਗੀ, ਇਹ ਫਾਈਨਲ ਨਹੀਂ ਹੋ ਸਕਿਆ ਪਰ 30 ਫੀਸਦੀ ਰਕਮ ਜਮ੍ਹਾ ਕਰਵਾਉਣ ਦੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਲੁਧਿਆਣਾ ਬੱਸ ਅੱਡੇ ਦਾ ਠੇਕਾ ਚਲਾਉਣ ਵਾਲੀ ਕੰਪਨੀ ਵੱਲੋਂ ਚਾਰਜ ਵਾਪਸ ਕਰਨ ਦੀ ਥਾਂ ਵਿਭਾਗ ਖ਼ਿਲਾਫ਼ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ 'ਤੇ ਅਦਾਲਤ ਨੇ 30 ਫ਼ੀਸਦੀ ਰਕਮ ਜਮ੍ਹਾ ਕਰਵਾਉਣ ਦੇ ਹੁਕਮ ਦਿੱਤੇ ਸਨ। ਇਸ 'ਤੇ ਲੁਧਿਆਣੇ ਦੀ ਠੇਕਾ ਕੰਪਨੀ ਨੇ ਵਿਭਾਗ ਨੂੰ 80 ਲੱਖ ਰੁਪਏ ਦੇ ਛੱਡੇ ਹਨ।ਦੂਜੇ ਪਾਸੇ ਜਲੰਧਰ ਬੱਸ ਅੱਡਾ ਚਲਾਉਣ ਵਾਲੀ ਕੰਪਨੀ ਤੋਂ ਤਿਮਾਹੀ ਕਿਸ਼ਤ ਵਜੋਂ ਡੇਢ ਕਰੋੜ ਰੁਪਏ ਲਏ ਜਾਂਦੇ ਹਨ। ਪਿਛਲੀਆਂ 2 ਕਿਸ਼ਤਾਂ ਜਮ੍ਹਾ ਨਾ ਹੋਣ ਕਾਰਨ ਜਲੰਧਰ ਬੱਸ ਅੱਡੇ ਤੋਂ ਸਰਕਾਰ ਨੂੰ ਮਿਲਣ ਵਾਲੇ 3 ਕਰੋੜ ਰੁਪਏ ਅਜੇ ਵੀ ਪੈਂਡਿੰਗ ਹਨ। ਇਸ ਸਬੰਧੀ ਜੇ ਸਰਕਾਰ 2 ਕਿਸ਼ਤਾਂ ਵਿੱਚ 30 ਫ਼ੀਸਦੀ ਰਕਮ ਜਮ੍ਹਾ ਕਰਵਾਉਣ ਲਈ ਕਹਿੰਦੀ ਹੈ ਤਾਂ ਠੇਕਾ ਕੰਪਨੀ ਨੂੰ 90 ਲੱਖ ਰੁਪਏ ਦੇਣੇ ਪੈਣਗੇ।

ਇਸ ਦੌਰਾਨ ਰੋਡਵੇਜ਼ ਅਧਿਕਾਰੀਆਂ ਨੇ ਬੱਸ ਅੱਡੇ ਦਾ ਚਾਰਜ ਸੰਭਾਲਣ ਦੀ ਤਿਆਰੀ ਕਰ ਲਈ ਸੀ, ਜਿਸ ਹੇਠ ਬੱਸ ਅੱਡਾ ਪਰਚੀ ਕਾਊਂਟਰ ਸਮੇਤ ਸਾਰੀਆਂ ਥਾਵਾਂ 'ਤੇ ਕਰਮਚਾਰੀਆਂ ਨੂੰ ਤਾਇਨਾਤ ਕਰ ਦਿੱਤਾ ਸੀ।ਜਲੰਧਰ ਡਿਪੂ-1 ਦੇ ਜਨਰਲ ਮੈਨੇਜਰ ਨਵਰਾਜ ਬਾਤਿਸ਼ ਨੇ ਦੱਸਿਆ ਕਿ 3 ਕਰੋੜ ਰੁਪਏ ਦੀ ਰਕਮ ਜਲੰਧਰ ਦੀ ਕੰਪਨੀ ਵੱਲ ਬਕਾਇਆ ਹੈ। ਇਸ ਬਾਰੇ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਸਬੰਧਤ ਕੰਪਨੀ ਨੂੰ ਪੈਸੇ ਜਮ੍ਹਾ ਕਰਾਉਣ ਨੂੰ ਕਿਹਾ ਹੈ। ਰਕਮ ਜਮ੍ਹਾ ਹੋਣ 'ਤੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਹੁਕਮ ਮਿਲਦੇ ਹੀ ਇਸ ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕਰ ਦਿੱਤਾ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਕੋਵਿਡ-19 ਕਾਰਨ ਵਿੱਤੀ ਘਾਟੇ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਆਮਦਨ ਦੀ ਪੂਰਤੀ ਲਈ ਕਦਮ ਉਠਾ ਰਹੀ ਹੈ।

# ਪੰਜਾਬ ਵਿੱਚ ਪਰਾਲੀ ਸਾੜਨ ਦੇ ਮਾਮਲੇ ਚਾਰ ਸਾਲਾਂ ਨਾਲੋਂ ਵਧੇ



ਲੁਧਿਆਣਾ, 9 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਅਤੇ ਪੰਜਾਬਤੋਂ ਇਲਾਵਾ ਨੈਸ਼ਨਲ ਗਰੀਨ ਟ੍ਰਿਬਿਊਨਲ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੀ ਕਿਸਾਨਾਂ ਵੱਲੋਂ ਪਰਾਲੀ ਸਾੜਨ ਨੂੰ ਰੋਕਣ ਲਈ ਕਈ ਪ੍ਰਕਾਰ ਦੇ ਯਤਨ ਕਰ ਰਿਹਾ ਹੈ, ਪਰ ਇਨ੍ਹਾਂ ਯਤਨਾਂ ਦੇ ਬਾਵਜੂਦ ਪੰਜਾਬ ਅੰਦਰ 7 ਨਵੰਬਰ 2020 ਤੱਕ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਵਿੱਚ ਰਿਕਾਰਡ ਵਾਧਾ ਹੋਇਆ ਹੈ। ਪੰਜਾਬ ਵਿੱਚ ਇਸ ਚੱਲ ਰਹੇ ਸਾਲ ਵਿੱਚ 57 ਹਜ਼ਾਰ 686 ਥਾਵਾਂ 'ਤੇ ਪਰਾਲੀ ਨੂੰ ਅੱਗ ਲਗਾਈ ਗਈ ਹੈ, ਜੋ ਪਿਛਲੇ ਸਾਲਾਂ ਨਾਲੋਂ ਕਾਫ਼ੀ ਵੱਧ ਹੈ।

ਮਿਲੀ ਜਾਣਕਾਰੀ ਅਨੁਸਾਰ ਸਾਲ 2016 ਵਿੱਚ 81 ਹਜ਼ਾਰ, ਸਾਲ 2017 ਵਿੱਚ 45,384, ਸਾਲ 2018 ਵਿੱਚ 50,590 ਤੇ ਸਾਲ 2019 ਵਿੱਚ 55,210 ਥਾਵਾਂ 'ਤੇ ਪਰਾਲੀ ਨੂੰ 7 ਨਵੰਬਰ ਤੱਕ ਅੱਗ ਲਾਈ ਗਈ ਹੈ। ਪੰਜਾਬ ਵਿੱਚ ਝੋਨੇ ਦੀ ਕਟਾਈ ਦਾ ਕੰਮ 90 ਫ਼ੀਸਦੀ ਤੋਂਵੱਧ ਹੋ ਚੁੱਕਾ ਹੈ। ਪੰਜਾਬ ਰਿਮੋਟ ਸੈਂਸਿੰਗ ਸੈਂਟਰ (ਪੀ ਆਰ ਐਸ ਸੀ) ਵੱਲੋਂ ਜਾਰੀ ਅੰਕੜਿਆਂ ਅਨੁਸਾਰ ਕੱਲ੍ਹ 4716 ਥਾਂਵਾਂ ਉੱਤੇ ਪਰਾਲੀ ਨੂੰ ਅੱਗ ਲਗਾਈ ਗਈ ਹੈ। ਇਸ ਦੇ ਰਿਕਾਰਡ ਅਨੁਸਾਰ ਪਿਛਲੇ ਚਾਰ ਸਾਲਾਂ ਵਿੱਚ ਅੱਧੀ ਦਰਜਨ ਜ਼ਿਲ੍ਹੇ ਸੰਗਰੂਰ, ਬਠਿੰਡਾ, ਫਿਰੋਜ਼ਪੁਰ, ਪਟਿਆਲਾ, ਮੁਕਤਸਰ, ਮਾਨਸਾ ਤੇ ਮੋਗਾ ਪਰਾਲੀ ਸਾੜਨ ਵਾਲੇ ਜ਼ਿਲ੍ਹੇ ਹਨ। ਪੰਜਾਬ ਦੇ ਤਰਨ ਤਾਰਨ ਵਿੱਚ ਪਰਾਲੀ ਸਾੜਨ ਦੇ ਕੇਸ ਪਤਾ ਲੱਗੇ ਹਨ। ਪੰਜਾਬ ਦੇ 22 ਜ਼ਿਲ੍ਹਿਆਂ ਵਿੱਚੋਂ ਛੇ ਜ਼ਿਲ੍ਹਿਆਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ 60 ਤੋਂ 64 ਫ਼ੀਸਦੀ ਦਾ ਵਾਧਾ ਹੋਇਆ ਹੈ। 7 ਨਵੰਬਰ ਤੱਕ ਸੰਗਰੂਰ ਵਿੱਚ ਸਭ ਤੋਂ ਵੱਧ 752 ਥਾਵਾਂ, ਦੂਸਰੇ ਨੰਬਰ ਉਤੇ ਬਠਿੰਡਾ ਵਿੱਚ 612 ਥਾਵਾਂ, ਤੀਸਰੇ ਨੰਬਰ ਉਤੇ ਮੋਗਾ ਵਿੱਚ 584 ਥਾਵਾਂ 'ਤੇ, ਚੌਥੇ ਨੰਬਰ ਉਤੇ ਬਰਨਾਲਾ ਵਿੱਚ 400 ਥਾਵਾਂ, ਪੰਜਵੇਂ ਨੰਬਰ ਉਤੇ ਮਾਨਸਾ 'ਚ 397 ਥਾਵਾਂ ਅਤੇ ਛੇਵੇਂ ਨੰਬਰ ਉਤੇ ਮੁਕਤਸਰ ਸਾਹਿਬ 360 ਥਾਵਾਂ ਉੱਤੇ ਪਰਾਲੀ ਸਾੜਨ ਦੇ ਮਾਮਲੇ ਪਤਾ ਲੱਗੇ ਹਨ। ਸਾਲ 2019 ਵਿੱਚ 7 ਹਜ਼ਾਰ ਤੋਂ ਵੱਧ ਥਾਵਾਂ ਉੱਤੇ ਪਰਾਲੀ ਸਾੜਨ ਕਰਕੇ ਸੰਗਰੂਰ ਪੰਜਾਬ ਵਿੱਚੋਂ ਪਰਾਲੀ ਸਾੜਨ ਵਿੱਚ ਮੋਹਰੀ ਜ਼ਿਲ੍ਹਾ ਸੀ, ਸਾਲ 2018 ਵਿੱਚ 6882, ਸਾਲ 2017 ਵਿੱਚ 6968 ਥਾਵਾਂ ਉੱਤੇ ਅੱਗ ਲਗਾਈ ਗਈ ਸੀ। ਪੰਜਾਬ ਵਿੱਚ ਖੇਤਾਂ ਵਿੱਚ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ 2 ਕਰੋੜ ਰੁਪਏ ਦੇ ਜੁਰਮਾਨੇ ਕੀਤੇ ਗਏ, ਜਿਨ੍ਹਾਂ ਵਿੱਚੋਂ 4.15 ਲੱਖ ਰੁਪਏ ਵਸੂਲੇ ਗਏ ਹਨ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਤਹਿਤ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਨੇ 2016 'ਚ ਸੈਟੇਲਾਈਟ ਨਾਲ ਪਰਾਲੀ ਦੀਆਂ ਅੱਗਾਂ ਨੂੰ ਰਿਕਾਰਡ ਕਰਨਾ ਸ਼ੁਰੂ ਕੀਤਾ ਸੀ ਤੇ ਸੂਬੇ ਵਿੱਚ ਲੱਗਭਗ 81 ਹਜ਼ਾਰ ਥਾਵਾਂ 'ਤੇ ਅੱਗ ਲੱਗੀ ਸੀ ਪਰ ਉਸ ਤੋਂ ਬਾਅਦ ਹਰ ਸਾਲ ਅੱਗ ਲਗਾਉਣ ਦਾ ਰੁਝਾਨ ਘੱਟ ਹੁੰਦਾ ਰਿਹਾ ਹੈ।

## ਲੁਟੇਰਿਆਂ ਨੇ ਡਾਕਟਰ ਨੂੰ ਜ਼ਖਮੀਂ ਕਰਕੇ ਮੋਟਰਸਾਈਕਲ ਖੋਹੀ

ਗੋਰਾਇਆ, 9 ਨਵੰਬਰ (ਪੋਸਟ ਬਿਊਰੋ)- ਬਾਈਕ ਸਵਾਰ ਤਿੰਨ ਲੁਟੇਰਿਆਂ ਨੇ ਸ਼ਨੀਵਾਰ ਰਾਤ ਆਪਣੀ ਬਾਈਕ ਉਤੇ ਹੁਸ਼ਿਆਰਪੁਰ ਜਾਂਦੇ ਡਾਕਟਰ ਨੂੰ ਤੇਜ਼ਧਾਰ ਹਥਿਆਰਾਂ ਨਾਲ ਜ਼ਖਮੀ ਕਰ ਕੇ ਬਾਈਕ ਖੋਹ ਲਈ। ਹਸਪਤਾਲ ਵਿੱਚ ਦਾਖਲ ਨੌਜਵਾਨ ਦੀ ਮਾਂ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਡਾਕਟਰ ਹੈ ਤੇ ਲੁਧਿਆਣੇ ਕਲੀਨਿਕ ਚਲਾਉਂਦਾ ਹੈ। ਕੱਲ੍ਹ ਰਾਤ 10 ਵਜੇ ਦੇ ਕਰੀਬ ਉਹ ਹੁਸ਼ਿਆਰਪੁਰ ਆ ਰਿਹਾ ਸੀ ਤਾਂ ਗੋਰਾਇਆ ਅੱਟਾ ਨਹਿਰ ਨੇੜੇ ਬਾਈਕ ਸਵਾਰ ਤਿੰਨ ਲੁਟੇਰਿਆਂ ਨੇ ਉਸ ਨੂੰ ਬਾਈਕ ਵਿੱਚ ਲੋਹੇ ਦੀ ਰਾਡ ਮਾਰ ਕੇ ਡੇਗ ਦਿੱਤਾ ਅਤੇ ਮਾਰਕੁੱਟ ਕਰਨੀ ਸ਼ੁਰੂ ਕਰ ਦਿੱਤੀ ਅਤੇ ਚਾਕੂ ਨਾਲ ਉਸ ਦੇ ਗਲੇ 'ਤੇ ਵਾਰ ਕਰ ਕੇ ਜ਼ਖਮੀ ਕਰ ਦਿੱਤਾ। ਜ਼ਖਮੀ ਹਰਦੀਪ ਸਿੰਘ ਨੇ ਬਾਈਕ ਛੱਡ ਕੇ ਮੌਕੇ ਤੋਂ ਭੱਜ ਕੇ ਜਾਨ ਬਚਾਈ।

# ਮਛੇਲ ਸੈਕਟਰ ਵਿੱਚ ਕੈਪਟਨ ਸਣੇ ਚਾਰ ਜਵਾਨ ਮਾਰੇ ਗਏ, ਤਿੰਨ ਅੱਤਵਾਦੀ ਵੀ ਮਰੇ



ਜੰਮੂ, 9 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਕੁਪਵਾੜਾ ਜ਼ਿਲ੍ਹੇ ਦੇ ਮਛੇਲ ਸੈਕਟਰ ਵਿੱਚ ਅੱਤਵਾਦੀਆਂ ਦੀ ਵੱਡੀ ਘੁਸਪੈਠ ਨੂੰ ਕੱਲ੍ਹ ਰਾਤ ਫੌਜ ਨੇ ਨਾਕਾਮ ਕਰ ਦਿੱਤਾ। ਇਸ ਦੌਰਾਨ ਤਿੰਨ ਅੱਤਵਾਦੀ ਮਾਰ ਦਿੱਤੇ ਗਏ, ਪਰ ਭਾਰਤੀ ਫੌਜ ਦਾ ਇੱਕ ਕੈਪਟਨ ਅਤੇ ਚਾਰ ਜਵਾਨ ਵੀ ਮਾਰੇ ਗਏ। ਇਨ੍ਹਾਂ ਵਿੱਚ ਬੀ ਐਸ ਐਫ ਦਾ ਇੱਕ ਜਵਾਨ ਵੀ ਸੀ। ਦੋ ਹੋਰ ਜਵਾਨ ਜ਼ਖ਼ਮੀ ਹੋਏ ਹਨ। ਇਸ ਅਪਰੇਸ਼ਨ ਵਿੱਚ ਫੌਜ ਦੇ ਹੈਲੀਕਾਪਟਰਾਂ ਦੀ ਮਦਦ ਲਈ ਜਾ ਰਹੀ ਹੈ।

ਮਛੇਲ ਸੈਕਟਰ ਵਿੱਚ ਬੀ ਐਸ ਐਫ ਦੀ 169ਵੀਂ ਬਟਾਲੀਅਨ ਦੇ ਗਸ਼ਤ ਕਰਦੀ ਟੀਮ ਨੇ ਕੱਲ੍ਹ ਰਾਤ ਕਰੀਬ ਇੱਕ ਵਜੇ ਕੰਟਰੋਲ ਲਾਈਨ 'ਤੇ ਕੁਝ ਹਲਚਲ ਦੇਖੀ। ਇਸ ਦੌਰਾਨ ਅੱਤਵਾਦੀਆਂ ਨੇ ਜਵਾਨਾਂ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਅਤੇ ਪਾਕਿਸਤਾਨੀ ਫੌਜ ਵੀ ਉਨ੍ਹਾਂ ਦਾ ਸਾਥ ਦੇ ਰਹੀ ਸੀ। ਇੱਕ ਅੱਤਵਾਦੀ ਮੌਕੇ 'ਤੇ ਮਾਰਿਆ ਗਿਆ, ਪਰ ਹੋਰ ਅੱਤਵਾਦੀ ਭਾਰਤੀ ਇਲਾਕੇ ਵਿੱਚ ਆ ਗਏ। ਤ੍ਰਿਪੁਰਾ ਵਾਸੀ ਬੀ ਐਸ ਐਫ ਦਾ ਕਾਂਸਟੇਬਲ ਸੁਦੀਪ ਸਰਕਾਰ ਮਾਰਿਆ ਗਿਆ। ਘਟਨਾ ਸਥਾਨ ਤੋਂ ਇੱਕ ਏ ਕੇ 47 ਰਾਈਫਲ, ਦੋ ਬੈਗ ਤੇ ਹੋਰ ਸਾਮਾਨ ਮਿਲਿਆ। ਸਵੇਰੇ ਕਰੀਬ ਚਾਰ ਵਜੇ ਗੋਲੀਬਾਰੀ ਬੰਦ ਹੋ ਗਈ ਤਾਂ ਫੌਜ ਅਤੇ ਬੀ ਐਸ ਐਫ ਦੇ ਜਵਾਨਾਂ ਨੇ ਸਵੇਰੇ ਕਰੀਬ ਸਾਢੇ ਦਸ ਵਜੇ ਕੰਟਰੋਲ ਰੇਖਾ (ਐਲ ਓ ਸੀ)ਤੋਂ ਡੇਢ ਕਿਲੋਮੀਟਰ ਦੇ ਖੇਤਰ ਵਿੱਚ ਅੱਤਵਾਦੀਆਂ ਨੂੰ ਘੇਰ ਲਿਆ। ਓਥੇ ਦੁਵੱਲੀ ਗੋਲੀਬਾਰੀ ਵਿੱਚ ਫੌਜ ਦੇ ਕੈਪਟਨ ਆਸ਼ੂਤੋਸ਼ ਤੇ ਮਦਰਾਸ ਰੈਜੀਮੈਂਟ ਦੇ ਤਿੰਨ ਜਵਾਨ ਮਾਰੇ ਗਏ ਤੇ ਦੋ ਜਵਾਨ ਜ਼ਖਮੀ ਹੋ ਗਏ ਅਤੇ ਦੋ ਅੱਤਵਾਦੀ ਵੀ ਮਾਰੇ ਗਏ।

ਰੱਖਿਆ ਮਹਿਕਮੇ ਦੇ ਬੁਲਾਰੇ ਰਾਜੇਸ਼ ਕਾਲੀਆ ਨੇ ਕੈਪਟਨ ਸਮੇਤ ਤਿੰਨ ਜਵਾਨਾਂ ਤੇ ਬੀ ਐਸ ਐਫ ਦੇ ਕਾਂਸਟੇਬਲ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਮਾਰਚ ਤੋਂ ਬਾਅਦ ਐਲ ਓ ਸੀ ਉਤੇ ਹੋਈਆਂ ਘੁਸਪੈਠ ਦੀਆਂ ਘਟਨਾਵਾਂ ਵਿੱਚੋਂ ਇਹ ਬਹੁਤ ਵੱਡੀ ਘਟਨਾ ਹੈ।

## ਡਰੱਗ ਕੇਸ ਵਿਚ ਐਕਟਰੈੱਸ ਦੀਪਿਕਾ ਪਾਦੂਕੋਨ ਦੀ ਸਾਬਕਾ ਮੈਨੇਜਰ ਦੀ ਅਗੇਤੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਟਲੀ



ਮੁੰਬਈ, 9 ਨਵੰਬਰ (ਪੋਸਟ ਬਿਊਰੋ)- ਡਰੱਗ ਚੈਟ ਕੇਸਵਿੱਚ ਜਾਂਚ ਕਰ ਰਹੀ ਐਂਟੀ ਨਾਰਕੋਟਿਕਸ ਬਿਊਰੋ(ਐਨ ਸੀ ਬੀ) ਦੀ ਗ੍ਰਿਫ਼ਤਾਰੀ ਤੋਂ ਬਚਣ ਲਈ ਦੀਪਿਕਾ ਪਾਦੂਕੋਣ ਦੀ ਸਾਬਕਾ ਮੈਨੇਜਰ ਕ੍ਰਿਸ਼ਮਾ ਪ੍ਰਕਾਸ਼ ਦੀ ਅਗਾਊਂ ਜ਼ਮਾਨਤ ਦੀ ਪਟੀਸ਼ਨ 'ਤੇ ਸੁਣਵਾਈ 10 ਨਵੰਬਰ ਤੱਕ ਟਾਲ ਦਿੱਤੀ ਗਈ ਹੈ।

ਕ੍ਰਿਸ਼ਮਾ ਪ੍ਰਕਾਸ਼ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਵਿਸ਼ੇਸ਼ ਐਨ ਡੀ ਪੀ ਐਸ ਅਦਾਲਤ 'ਚ ਪਟੀਸ਼ਨ ਦਾਖ਼ਲ ਕੀਤੀ ਸੀ। ਫਿਲਮ ਐਕਟਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੇ ਮਾਮਲੇ 'ਚ ਡਰੱਗ ਚੈਟ ਸਾਹਮਣੇ ਆਉਣ ਦੇ ਬਾਅਦ ਐਨ ਸੀ ਬੀ ਨੇ ਕਈ ਲੋਕਾਂ ਤੋਂ ਪੁੱਛਗਿੱਛ ਤੇ ਗ੍ਰਿਫ਼ਤਾਰੀਆਂ ਕੀਤੀਆਂ ਹਨ। ਇਨ੍ਹਾਂ ਵਿੱਚ ਦੀਪਿਕਾ ਪਾਦੂਕੋਣ ਦੀ ਸਾਬਕਾ ਮੈਨੇਜਰ ਕ੍ਰਿਸ਼ਮਾ ਪ੍ਰਕਾਸ਼ ਵੀ ਸ਼ਾਮਲ ਹੈ, ਜਿਸ ਦੀ ਪਟੀਸ਼ਨ 'ਤੇ ਸੁਣਵਾਈ ਨੂੰ 10 ਤਰੀਕ ਤੱਕ ਟਾਲ ਦਿੱਤਾ ਗਿਆ ਹੈ। ਪਹਿਲਾਂ ਇਸ ਦੀ ਸੁਣਵਾਈ ਵੇਲੇ ਅਦਾਲਤ ਵਿੱਚ ਐਨ ਸੀ ਬੀ ਨੇ ਕਿਹਾ ਸੀ ਕਿ 7 ਨਵੰਬਰ ਦੀ ਸੁਣਵਾਈ ਤੱਕ ਕ੍ਰਿਸ਼ਮਾ ਪ੍ਰਕਾਸ਼ ਦੀ ਗ੍ਰਿਫ਼ਤਾਰੀ ਨਹੀਂ ਕੀਤੀ ਜਾਵੇਗੀ। ਅੱਗੋਂ ਅਦਾਲਤ ਨੇ ਕ੍ਰਿਸ਼ਮਾ ਨੂੰ ਅੰਤਰਿਮ ਰਾਹਤ ਦਿੰਦੇ ਹੋਏ ਕਿਹਾ ਕਿ ਉਹ ਐਨ ਸੀ ਬੀ ਦੀ ਜਾਂਚ ਵਿੱਚ ਸਹਿਯੋਗ ਕਰੇ ਅਤੇ 10 ਨਵੰਬਰ ਨੂੰ ਸੁਣਵਾਈ ਕੀਤੀ ਜਾਵੇਗੀ।

## ਵਰਲਡ ਬੈਂਕ ਦੇ ਕ੍ਰੈਡਿਟ ਕਾਰਡ ਦੇ ਪਰਦੇ ਹੇਠ ਵੀ ਧੋਖਾਦੇਹੀ




ਨਵੀਂ ਦਿੱਲੀ, 9 ਨਵੰਬਰ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਸੰਕਟ ਦੌਰਾਨ ਜ਼ਿੰਦਗੀ ਸੌਖੀ ਕਰਨ 'ਚ ਆਨਲਾਈਨ ਦੀ ਵੱਡੀ ਭੂਮਿਕਾ ਰਹੀ ਹੈ, ਪਰ ਸਾਈਬਰ ਧੋਖਾਦੇਹੀ ਦੇ ਕੇਸ ਕਈ ਗੁਣਾਂ ਵੱਧ ਗਏ ਹਨ। ਸਾਈਬਰ ਠੱਗਾਂ ਨੇ ਵਰਲਡ ਬੈਂਕ ਦਾ ਡੈਬਿਟ-ਕ੍ਰੈਡਿਟ ਕਾਰਡ ਦਿਵਾਉਣ ਦੇ ਨਾਂ 'ਤੇ ਵੀ ਫਰਜ਼ੀਵਾੜਾ ਸ਼ੁਰੂ ਕਰ ਦਿੱਤਾ ਹੈ।

ਕਿਹਾ ਜਾ ਰਿਹਾ ਹੈ ਕਿ ਜੇ ਤੁਹਾਡੇ ਕੋਲ ਵਰਲਡ ਬੈਂਕ ਦਾ ਡੈਬਿਟ/ਕ੍ਰੈਡਿਟ ਕਾਰਡ ਬਣਵਾਉਣ ਲਈ ਕਾਲ, ਐਸ ਐਮ ਐਸ ਜਾਂ ਈ-ਮੇਲ ਆਏ ਹਨ ਤਾਂ ਸਾਵਧਾਨ ਹੋ ਜਾਓ,ਕਿਉਂਕਿ ਵਰਲਡ ਬੈਂਕ ਇਸ ਤਰ੍ਹਾਂ ਦਾ ਕੋਈ ਕਾਰਡ ਜਾਰੀ ਨਹੀਂ ਕਰਦਾ। ਵਰਲਡ ਬੈਂਕ ਨੇ ਖੁਦ ਇਸ ਬਾਰੇ ਲੋਕਾਂ ਨੂੰ ਸੁਚੇਤ ਕਰਦੇ ਹੋਏ ਚਿਤਾਵਨੀ ਦਿੱਤੀ ਹੈ ਕਿ ਉਸ ਦੇ ਨਾਂ ਅਤੇ ਲੋਗੋ ਵਾਲੇ ਫਰਜ਼ੀ ਡੈਬਿਟ ਤੇ ਕ੍ਰੈਡਿਟ ਕਾਰਡ ਤੋਂ ਸਵਾਧਾਨ ਰਹੋ। ਵਰਲਡ ਬੈਂਕ ਨੇ ਇਹ ਚਿਤਾਵਨੀ ਅਜਿਹੇ ਕੁਝ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਜਾਰੀ ਕੀਤੀ ਅਤੇ ਕਿਹਾ ਕਿ ਉਹ ਡੈਬਿਟ ਜਾਂ ਕ੍ਰੈਡਿਟ ਕਾਰਡ ਜਾਰੀ ਨਹੀਂ ਕਰਦਾ ਤੇ ਇਸ ਤਰ੍ਹਾਂ ਦੇ ਫਰਜ਼ੀ ਕਾਰਡ ਜਾਰੀ ਕਰਨ ਵਾਲੇ ਕਿਸੇ ਵਿਅਕਤੀ ਜਾਂ ਗਰੁੱਪ ਨਾਲ ਇਸ ਬੈਂਕ ਦਾ ਕੋਈ ਸਬੰਧ ਨਹੀਂ ਹੈ, ਇਸ ਲਈ ਆਮ ਜਨਤਾ ਨੂੰ ਸੁਚੇਤ ਕੀਤਾ ਗਿਆ ਕਿ ਉਹ ਇਨ੍ਹਾਂ ਧੋਖੇਬਾਜ਼ਾਂ ਤੋਂ ਦੂਰ ਰਹਿਣ। ਸਾਈਬਰ ਕਾਨੂੰਨ ਦੇ ਮਾਹਿਰ ਕਹਿੰਦੇ ਹਨ ਕਿ ਸਾਈਬਰ ਸੁਰੱਖਿਆ ਨੂੰ ਜੀਵਨ-ਜਾਚ ਦੇ ਰੂਪ ਵਿੱਚ ਅਪਣਾਉਣਾ ਪਵੇਗਾ ਅਤੇ ਡਿਜੀਟਲ ਜੀਵਨ 'ਚ ਸਾਈਬਰ ਸੁਰੱਖਿਆ ਹੀ ਇੱਕੋ ਰੌਸ਼ਨੀ ਦੀ ਕਿਰਨ ਹੈ, ਜੋ ਸਾਡੀ ਮਿਹਨਤ ਦੀ ਕਮਾਈ ਨੂੰ ਸੁਰੱਖਿਆ ਰੱਖਣ 'ਚ ਮਦਦ ਕਰ ਸਕਦਾ ਹੈ। ਕੋਰੋਨਾ ਤੋਂ ਬਾਅਦ ਸਾਈਬਰ ਫਰਾਡ ਦਾ ਸੁਨਿਹਰੀ ਯੁੱਗ ਸ਼ੁਰੂ ਹੋ ਗਿਆ ਹੈ, ਜਿਸ ਤੇਜ਼ੀ ਨਾਲ ਸਾਈਬਰ ਕ੍ਰਾਈਮ ਅਤੇ ਘਟਨਾਵਾਂ ਵੱਧ ਰਹੀਆਂ ਹਨ, ਅਜਿਹੇ ਹਾਲਾਤ 'ਚ ਕੋਈ ਸ਼ੱਕ ਨਹੀਂ ਹੈ ਕਿ ਲੋਕਾਂ ਦੀ ਮਿਹਨਤ ਦੀ ਕਮਾਈ 'ਤੇ ਡਾਕਾ ਪੈਣ ਵਾਲਾ ਹੈ। ਸਾਈਬਰ ਮਾਹਿਰਾਂ ਦਾ ਕਹਿਣਾ ਹੈ ਕਿ ਸਾਈਬਰ ਕ੍ਰਾਈਮ ਦੀ ਵੱਧਦੀ ਲੀਹ ਨੂੰ ਵੇਖਦੇ ਹੋਏ ਸਰਕਾਰ ਨੂੰ ਪਿੰਡ ਤੋਂਸ਼ਹਿਰ ਤੱਕ ਜਾਗਰੂਕਤਾ ਮੁਹਿੰਮ ਚਲਾਉਣੀ ਚਾਹੀਦੀ ਹੈ। ਇੰਟਰਨੈਟ ਦੀ ਪਹੁੰਚ ਅੱਜ ਸ਼ਹਿਰਾਂ ਤੱਕ ਸੀਮਿਤ ਨਹੀਂ, ਪਿੰਡ-ਪਿੰਡ ਤੱਕ ਲੋਕ ਸਮਾਰਟਫੋਨ ਖਰੀਦਦਾਰੀ ਤੋਂ ਬੈਕਿੰਗ ਕਰ ਰਹੇ ਹਨ। ਅਜਿਹੇ 'ਚ ਸਾਈਬਰ ਠੱਗਾਂ ਤੋਂ ਬਚਣ ਲਈ ਜ਼ਰੂਰੀ ਹੈ ਕਿ ਸਰਕਾਰ ਟੀ ਵੀ, ਰੇਡੀਓ, ਅਖ਼ਬਾਰ ਅਤੇ ਆਨਲਾਈਨ ਦੇ ਮਾਧਿਅਮ ਨਾਲ ਲੋਕਾਂ ਨੂੰ ਇਸ ਤੋਂ ਬਚਣ ਲਈ ਜਾਣੂ ਕਰਵਾਏ।

# ਵਾਤਾਵਰਣ ਪੱਖੋਂ ਸੈਂਸੇਟਿਵ 56,825 ਵਰਗ ਕਿਲੋਮੀਟਰ ਹਲਕੇ ਦੀ ਹੱਦਬੰਦੀ ਵਿਰੁੱਧ ਅਰਜ਼ੀ ਦਾਇਰ

ਨਵੀਂ ਦਿੱਲੀ, 9 ਨਵੰਬਰ (ਪੋਸਟ ਬਿਊਰੋ)- ਵਾਤਾਵਰਣ, ਜੰਗਲਾਤ ਤੇ ਜਲਵਾਯੂ ਬਦਲਾਅ ਸਬੰਧੀ ਵਾਤਾਵਰਣ ਮੰਤਰਾਲੇ ਵੱਲੋਂ ਸਾਲ 2018 ਵਿੱਚ 6 ਰਾਜਾਂ ਵਿੱਚ ਫੈਲੇ 56,825 ਵਰਗ ਕਿਲੋਮੀਟਰ ਖੇਤਰ ਦੀ ਪੱਛਮੀ ਘਾਟਾਂ ਦੇ ਵਾਤਾਵਰਣ ਪੱਖੋਂ ਸੰਵੇਦਨਸ਼ੀਲ ਖੇਤਰ ਵਜੋਂ ਹੱਦਬੰਦੀ ਕਰਨ ਦੇ ਨੋਟੀਫਿਕੇਸ਼ਨ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਗਈ ਹੈ, ਜਿਸ ਦੀ ਅਗਲੇ ਦਿਨੀਂ ਸੁਣਵਾਈ ਹੋ ਸਕਦੀ ਹੈ।

ਵਰਨਣ ਯੋਗ ਹੈ ਕਿ ਇਹ ਪੱਛਮੀ ਘਾਟ ਗੁਜਰਾਤ, ਮਹਾਂਰਾਸ਼ਟਰ, ਗੋਆ, ਕਰਨਾਟਕ, ਕੇਰਲਾ ਅਤੇ ਤਾਮਿਲ ਨਾਡੂ ਵਿੱਚ ਫੈਲੇ ਹੋਏ ਹਨ ਅਤੇ ਯੂਨੈਸਕੋ ਵੱਲੋਂਇਨ੍ਹਾਂ ਨੂੰ ਦੁਨੀਆ ਦੇ ਅੱਠ ਸਭ ਤੋਂ ਅਹਿਮ ਜੈਵ-ਵੰਨ-ਸੁਵੰਨਤਾ ਹਾਟ-ਸਪਾਟ ਵਿੱਚੋਂ ਗਿਣਿ-ਆ ਗਿਆ ਹੈ।ਗੈਰ ਸਰਕਾਰੀ ਸੰਸਥਾ 'ਕਰਸ਼ਾਕਾ ਸ਼ਬਦਮ' ਨੇ ਵਕੀਲ ਸੁਵੀਦਤ ਐਮ ਐਸ ਰਾਹੀਂ ਅਦਾਲਤ 'ਚ ਅਰਜ਼ੀ ਦਾਇਰ ਕਰ ਕੇ ਕੇਂਦਰ ਅਤੇ ਕੇਰਲਾ ਦੀ ਸਰਕਾਰ ਨੂੰ ਪੱਛਮੀ ਘਾਟ ਵਾਤਾਵਰਣ ਇੱਕ ਮਾਹਰ ਪੈਨਲ, ਜਿਸ ਨੂੰ ਗਾਡਗਿਲ ਕਮੇਟੀ ਕਿਹਾ ਜਾਂਦਾ ਹੈ ਅਤੇ ਉਚ ਪੱਧਰੀ ਵਰਕਿੰਗ ਗਰੁੱਪ, ਜਿਸ ਨੂੰ ਕਸਤੂਰੀਰੰਗਨ ਕਮੇਟੀ ਕਿਹਾ ਜਾਂਦਾ ਹੈ, ਦੀਆਂ ਸਿਫਾਰਸ਼ਾਂ ਲਾਗੂ ਨਾ ਕਰਨ ਦੀਆਂ ਹਦਾਇਤਾਂ ਜਾਰੀ ਕਰਨ ਦੀ ਮੰਗ ਕੀਤੀ ਹੈ। ਕੇਰਲਾ ਵਿਚਲੀ ਇਸ ਐਨ ਜੀ ਓ ਨੇ ਸਾਲ 2018 ਵਿੱਚ ਵਾਤਾਵਰਣ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਨੂੰ ਗੈਰ ਸੰਵਿਧਾਨਕ ਕਰਾਰ ਦੇਣ ਦੀ ਮੰਗ ਕੀਤੀ ਹੈ, ਕਿਉਂਕਿ ਸੰਸਥਾ ਅਨੁਸਾਰ ਇਹ ਨੋਟੀਫਿਕੇਸ਼ਨ ਸੰਵਿਧਾਨ ਦੀ ਧਾਰਾ 21 ਹੇਠ ਕਿਸਾਨਾਂ ਦੀ ਜ਼ਿੰਦਗੀ ਤੇ ਰੋਜ਼ੀ-ਰੋਟੀ ਦੀ ਗਾਰੰਟੀ ਦੀ ਉਲੰਘਣਾ ਕਰਦਾ ਹੈ। ਅਰਜ਼ੀ ਵਿੱਚ ਸਾਲ 2014 'ਚ ਕੇਰਲਾ ਸਰਕਾਰ ਵੱਲੋਂ ਕਸਤੂਰੀਰੰਗਨ ਕਮੇਟੀ ਦੀ ਰਿਪੋਰਟ ਦੀ ਸਮੀਖਿਆ ਲਈ ਬਣਾਈ ਓਮਨ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਨ ਦੀ ਮੰਗ ਵੀ ਕੀਤੀ ਗਈ ਹੈ।

## ਡਰੱਗ ਕੇਸ ਵਿੱਚ ਫਿਲਮ ਪ੍ਰੋਡਿਊਸਰ ਫਿਰੋਜ਼ ਨਾਡਿਆਡਵਾਲਾ ਦੀ ਪਤਨੀ ਗ੍ਰਿਫਤਾਰ



ਮੁੰਬਈ, 9 ਨਵੰਬਰ (ਪੋਸਟ ਬਿਊਰੋ)- ਡਰੱਗ ਕੇਸ ਵਿੱਚ ਚੱਲ ਰਹੀ ਜਾਂਚ ਦੌਰਾਨ ਨਾਰਕੋਟਿਕਸ ਕੰਟਰੋਲ ਬਿਊਰੋ (ਐਨ ਸੀ ਬੀ) ਨੇ ਕੱਲ੍ਹ ਬਾਲੀਵੁੱਡ ਪ੍ਰੋਡਿਊਸਰ ਫਿਰੋਜ਼ ਨਾਡਿਆਡਵਾਲਾ ਦੇ ਘਰੋਂ ਡਰੱਗ ਬਰਾਮਦ ਕੀਤੀ ਅਤੇ ਇਸ ਸਿਲਸਿਲੇ ਵਿੱਚ ਫਿਲਮ ਪ੍ਰੋਡਿਊਸਰ ਦੀ ਪਤਨੀ ਸ਼ਬਾਨਾ ਸਈਦ ਨੂੰ ਮੁੰਬਈ ਵਿੱਚਉਨ੍ਹਾਂ ਦੇ ਘਰ 'ਚੋਂ ਦੋ ਗਵਾਹਾਂ ਦੀ ਮੌਜੂਦਗੀ ਵਿੱਚ ਗ੍ਰਿਫਤਾਰ ਕਰ ਲਿਆ ਅਤੇ ਫਿਰੋਜ਼ ਨੂੰ ਸੰਮਨ ਭੇਜ ਕੇਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ।

ਐਨ ਸੀ ਬੀ ਨੇ ਗੈਰ ਕਾਨੂੰਨੀ ਨਸ਼ੀਲੇ ਪਦਾਰਥ ਰੱਖਣ ਦੇ ਦੋਸ਼ ਵਿੱਚ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਤੇ 717 ਗਰਾਮ ਗਾਂਜਾ, 74.1 ਗਰਾਮ ਚਰਸ ਅਤੇ 95.1 ਗਰਾਮ ਐਮ ਡੀ ਬਰਾਮਦ ਕੀਤੀ ਗਈ ਹੈ। ਇਸ ਦੇ ਇਲਾਵਾ ਕਾਫੀ ਰੁਪਏ ਵੀ ਮਿਲੇ ਹਨ। ਗ੍ਰਿਫਤਾਰੀ ਤੋਂ ਪਹਿਲਾਂ ਐਨ ਸੀ ਬੀ ਟੀਮ ਨੇ ਸ਼ਬਾਨਾ ਤੋਂ ਕਾਫੀ ਗੰਭੀਰਤਾ ਨਾਲ ਪੁੱਛਗਿੱਛ ਕੀਤੀ। ਪ੍ਰੋਡਿਊਸਰ ਫਿਰੋਜ਼ ਨਾਡਿਆਡਵਾਲਾ ਦਾ ਨਾਂਅ ਡਰੱਗ ਕੇਸ ਵਿੱਚ ਫੜੇ ਗਏ ਸ਼ੱਕੀਆਂ ਤੋਂ ਪੁੱਛ ਗਿੱਛ ਵਿੱਚ ਆਇਆ ਸੀ। ਬੀਤੇ ਸ਼ਨੀਵਾਰ ਸ਼ਾਮ ਐਨ ਸੀ ਬੀ ਨੇ ਮੁੰਬਈ ਦੀਆਂ ਚਾਰ ਥਾਂਵਾਂ ਉੱਤੇ ਛਾਪਾ ਮਾਰਿਆ ਸੀ। ਅੱਜ ਤੱਕ ਡਰੱਗ ਦੇ ਲੈਣ-ਦੇਣ ਨਾਲ ਜੁੜੀਆਂ ਕਈਆਂ ਫਿਲਮੀ ਹਸਤੀਆਂ ਦੇ ਨਾਂਅ ਪਤਾ ਲੱਗ ਚੁੱਕੇ ਹਨ। ਪਿਛਲੇ ਹਫਤੇ ਐਨ ਸੀ ਬੀ ਨੇ ਅਰਜੁਨ ਰਾਮਪਾਲ ਦੀ ਗਰਲ ਫਰੈਂਡ ਗੈਬਰੀਏਲਾ ਡੈਮੇਟ੍ਰਿਏਡਸ ਨੂੰ ਗ੍ਰਿਫਤਾਰ ਕੀਤਾ ਸੀ। ਉਹ ਪਿੱਛੋਂ ਸਾਊਥ ਅਫਰੀਕਨ ਹੈ। ਇਸ ਦੇ ਇਲਾਵਾ ਧਰਮਾ ਪ੍ਰੋਡਕਸ਼ਨ ਦੇ ਸਾਬਕਾ ਕਰਮਚਾਰੀ ਕਸ਼ਿਤਿਜ ਪ੍ਰਸਾਦ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਦੋਵਾਂ ਉਤੇ ਮੁੰਬਈ ਵਿੱਚ ਕੋਕੀਨ ਸਪਲਾਈ ਕਰਨ ਵਾਲੇ ਨਾਈਜੀਰੀਅਨ ਵਿਅਕਤੀ ਦੇ ਨਾਲ ਸੰਪਰਕ ਹੋਣ ਦੇ ਦੋਸ਼ ਹਨ।



# ਪੰਜ ਲੱਖ ਭਾਰਤੀਆਂ ਨੂੰ ਅਮਰੀਕੀ ਨਾਗਰਿਕਤਾ ਮਿਲਣ ਦੀ ਆਸ

ਵਾਸ਼ਿੰਗਟਨ, 9 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਈਡਨ ਪੰਜ ਲੱਖ ਭਾਰਤੀਆਂ ਸਮੇਤ ਲੱਗਭਗ 1 ਕਰੋੜ 10 ਲੱਖ ਪ੍ਰਵਾਸੀ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਦੇਣ ਦਾ ਖਾਕਾ ਤਿਆਰ ਕਰਨਗੇ, ਜਿਨ੍ਹਾਂ ਦੇ ਕੋਲ ਦਸਤਾਵੇਜ਼ ਨਹੀਂ ਹਨ। ਇਸ ਤੋਂ ਇਲਾਵਾ ਉਹ ਸਾਲਾਨਾ ਘੱਟੋ-ਘੱਟ 95 ਹਜ਼ਾਰ ਸ਼ਰਨਾਰਥੀਆਂ ਨੂੰ ਅਮਰੀਕਾ 'ਚ ਪ੍ਰਵੇਸ਼ ਦਿਵਾਉਣ ਦੀ ਪ੍ਰਣਾਲੀ ਵੀ ਬਣਾਉਣਗੇ।



ਜੋਅ ਬਾਈਡਨ ਦੀ ਟੀਮ ਵੱਲੋਂ ਜਾਰੀ ਕੀਤੇ ਇੱਕ ਪਾਲਿਸੀ ਦਸਤਾਵੇਜ਼ 'ਚ ਕਿਹਾ ਗਿਆ ਹੈ ਕਿ ਬਾਈਡਨ ਜਲਦੀ ਹੀ ਕਾਂਗਰਸ 'ਚ ਇੱਕ ਇਮੀਗ੍ਰੇਸ਼ਨ ਸੁਧਾਰ ਕਾਨੂੰਨ ਪਾਸ ਕਰਾਉਣ 'ਤੇ ਕੰਮ ਸ਼ੁਰੂ ਕਰਨਗੇ, ਜਿਸ ਦੇ ਜ਼ਰੀਏ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਆਧੁਨਿਕ ਬਣਾਇਆ ਜਾਵੇਗਾ ਅਤੇ ਪੰਜ ਲੱਖ ਤੋਂ ਵੱਧ ਭਾਰਤੀਆਂ ਸਮੇਤ ਲੱਗਭਗ ਇੱਕ ਕਰੋੜ 10 ਲੱਖ ਅਜਿਹੇ ਪ੍ਰਵਾਸੀਆਂ ਨੂੰ ਅਮਰੀਕਾ ਦੀ ਨਾਗਰਿਕਤਾ ਦੇਣ ਦਾ ਖਾਕਾ ਤਿਆਰ ਕੀਤਾ ਜਾਵੇਗਾ, ਜਿਨ੍ਹਾਂ ਕੋਲ ਦਸਤਾਵੇਜ਼ ਨਹੀਂ ਹਨ। ਜਾਰੀ ਦਸਤਾਵੇਜ਼ ਅਨੁਸਾਰ ਅਮਰੀਕਾ ਵਿੱਚ ਸਾਲਾਨਾ 1 ਲੱਖ 25 ਹਜ਼ਾਰ ਸ਼ਰਨਾਰਥੀਆਂ ਨੂੰ ਪ੍ਰਵੇਸ਼ ਦਿਵਾਉਣ ਦਾ ਟੀਚਾ ਨਿਰਧਾਰਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਹ ਸਾਲਾਨਾ ਘੱਟੋ-ਘੱਟ 95 ਹਜ਼ਾਰ ਸ਼ਰਨਾਰਥੀਆਂ ਨੂੰ ਦੇਸ਼ 'ਚ ਪ੍ਰਵੇਸ਼ ਦਿਵਾਉਣ ਲਈ ਕਾਂਗਰਸ ਦੇ ਨਾਲ ਮਿਲ ਕੇ ਕੰਮ ਕਰਨਗੇ। ਜੋਅ ਬਾਈਡਨ ਦੀ ਉਚ-ਹੁਨਰਮੰਦ ਵੀਜ਼ਿਆਂ ਦੀ ਗਿਣਤੀ ਵਧਾਉਣ ਦੀ ਯੋਜਨਾ ਹੈ, ਜਿਸ 'ਚ ਐਚ-1ਬੀ ਵੀਜ਼ਾ ਸ਼ਾਮਲ ਹੈ। ਇਸ ਤੋਂ ਬਿਨਾ ਉਹ ਗ੍ਰੀਨ ਕਾਰਡ ਲਈ ਦੇਸ਼ਾਂ ਦੇ ਨਿਰਧਾਰਿਤ ਕੋਟੇ ਨੂੰ ਖ਼ਤਮ ਕਰਨ ਬਾਰੇ ਵੀ ਸੋਚ ਰਹੇ ਹਨ। ਬਾਈਡਨ ਦੇ ਇਨ੍ਹਾਂ ਦੋ ਫ਼ੈਸਲਿਆਂ ਦੇ ਅਮਲ 'ਚ ਆਉਣ ਨਾਲ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਨੂੰ ਲਾਭ ਹੋਣ ਦੀ ਉਮੀਦ ਹੈ, ਜਿਹੜੇ ਰਾਸ਼ਟਰਪਤੀ ਟਰੰਪ ਦੀਆਂ ਨੀਤੀਆਂ ਕਾਰਨ ਪ੍ਰੇਸ਼ਾਨ ਸਨ। ਇਸ ਦੇ ਨਾਲ ਬਾਈਡਨ ਵੱਲੋਂ ਆਪਣੀ ਡਿਪਟੀ ਕਮਲਾ ਹੈਰਿਸ ਨਾਲ ਟਰੰਪ ਪ੍ਰਸ਼ਾਸਨ ਦੇ ਐਚ-1ਬੀ ਵੀਜ਼ਾ ਧਾਰਕ ਦੇ ਪਤੀ ਜਾਂ ਪਤਨੀ ਦੇ ਵਰਕ ਪਰਮਿਟ ਨੂੰ ਰੱਦ ਕਰਨ ਦੇ ਹੁਕਮ ਨੂੰ ਉਲਟਾਉਣ ਦੀ ਉਮੀਦ ਕੀਤੀ ਜਾ ਰਹੀ ਹੈ, ਜਿਸ ਨੇ ਅਮਰੀਕਾ 'ਚ ਵੱਡੀ ਗਿਣਤੀ 'ਚ ਭਾਰਤੀ ਪਰਵਾਰਾਂ 'ਤੇ ਬੁਰਾ ਪ੍ਰਭਾਵ ਪਾਇਆ ਸੀ।

# ਇਸ 'ਮੂਰਖ' ਦੀ ਅਯੋਗਤਾ ਕਾਰਨ ਅਮਰੀਕਾ ਦੇ 2.50 ਲੱਖ ਲੋਕ ਮਾਰੇ ਗਏ

## * ਲਿੰਕਨ ਪ੍ਰੋਜੈਕਟ ਦੇ ਕੋ-ਫਾਊਂਡਰ ਸਟੀਵ ਸ਼ਿਮਟ ਵੱਲੋਂ ਰੀਐਕਸ਼ਨ

ਨਿਊ ਯਾਰਕ, 9 ਨਵੰਬਰ (ਪੋਸਟ ਬਿਊਰੋ)- 'ਦ ਲਿੰਕਨ ਪ੍ਰੋਜੈਕਟ' ਦੇ ਕੋ-ਫਾਊਂਡਰ ਅਤੇ ਰਿਪਲਿਕਨ ਪਾਲੀਟਿਕਲ ਕੈਂਪੇਨ ਲਈ ਕੰਮ ਕਰ ਚੁੱਕੇ ਸਟੀਵ ਸ਼ਿਮਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਬਾਰੇ ਕਿਹਾ ਹੈ, 'ਇਸ ਮੂਰਖ ਦੀ ਅਯੋਗਤਾ ਦੇ ਕਾਰਨ ਕਰੀਬ 2.50 ਲੱਖ ਅਮਰੀਕੀ ਲੋਕ ਮਾਰੇ ਗਏ।' ਉਨ੍ਹਾਂ ਨੇ ਅਮਰੀਕਾ ਦੀ ਰਾਸ਼ਟਰਪਤੀ ਚੋਣ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋ ਬਾਈਡਨ ਦੀ ਜਿੱਤ ਦੇ ਬਾਅਦ ਇਸ ਤਰ੍ਹਾਂ ਨਾਲ ਪ੍ਰਤੀਕਿਰਿਆ ਦਿੱਤੀ ਕਿ ਜਿਵੇਂ ਬਾਈਡਨ ਦੀ ਜਿੱਤ ਦੇ ਬਾਅਦ ਅਮਰੀਕਾ ਵਿੱਚ ਕੋਰੋਨਾ ਮਹਾਂਮਾਰੀ ਵਿੱਚ ਜਸ਼ਨ ਮਨਾਇਆ ਜਾ ਰਿਹਾ ਹੈ, ਏਸੇ ਸ਼ਹਿਰ ਵਿੱਚ ਇੱਕ ਹੋਰ ਪਾਰਟੀ ਹੈ, ਜਿਸ ਵੱਲੋਂ ਡੋਨਾਲਡ ਟਰੰਪ ਦੇ ਹਰ ਟਵੀਟ ਅਤੇ ਬਿਆਨ 'ਤੇ ਪ੍ਰਤੀਕਿਰਿਆ ਹੁੰਦੀ ਹੈ।

ਡੋਨਾਲਡ ਟਰੰਪ ਨੂੰ ਸਭ ਤੋਂਵੱਧਚੋਣ ਵਿੱਚ ਧਾਂਦਲੀ ਹੋਣ ਦੀ ਗੱਲ ਕਹਿਣ ਅਤੇ ਨਤੀਜਿਆਂ ਬਾਰੇ


ਟਰੰਪ ਬਾਰੇ ਟਿਪਣੀ



ਅਦਾਲਤ ਵੱਲ ਤੁਰਨ ਦੇ ਲਈ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ। ਬਾਈਡਨ ਅਤੇ ਹੈਰਿਸ ਸਮਰਥਕ ਸੜਕਾਂ 'ਤੇ ਨੱਚ-ਗਾ ਕੇ ਜਸ਼ਨ ਮਨਾ ਰਹੇ ਹਨ। ਨਿਊਜ਼ ਚੈਨਲ ਉਤੇ ਦ ਲਿੰਕਨ ਪ੍ਰੋਜੈਕਟ ਦੇ ਕੋ-ਫਾਊਂਡਰ ਸਟੀਵ ਸ਼ਿਮਟ ਨੇ ਟਰੰਪ ਦੀ ਹਾਰ 'ਤੇ ਪ੍ਰਤੀਕਿਰਿਆ ਦੇਂਦਿਆਂ ਕਿਹਾ, 'ਜਦ ਤੁਸੀਂ ਇਨ੍ਹਾਂ ਸਾਰੇ ਲੋਕਾਂ ਨੂੰ ਦੇਖਦੇ ਹਨ ਹੋ, ਦੇਖੋ, ਲੋਕਤੰਤਰ ਵਿਸ਼ਵਾਸ ਦੀ ਪ੍ਰਣਾਲੀ 'ਤੇ ਟਿਕਿਆ ਹੁੰਦਾ ਹੈ ਅਤੇ ਡੋਨਾਲਡ ਟਰੰਪ ਨੇ ਉਹ ਸਭ ਕੁਝ ਕੀਤਾ ਹੈ, ਜੋ ਉਹ ਸੰਭਵਤ ਅਮਰੀਕੀ ਪ੍ਰਣਾਲੀ ਵਿੱਚ ਭਰੋਸੇ ਨੂੰ ਤੋੜਨ ਲਈ ਕਰ ਸਕਦੇ ਸਨ। ਅਮਰੀਕੀ ਲੋਕਾਂ ਨੇ ਅਮਰੀਕੀ ਇਤਿਹਾਸ ਦੇ ਸਭ ਤੋਂ ਭ੍ਰਿਸ਼ਟ, ਸਭ ਤੋਂ ਅਯੋਗ ਰਾਸ਼ਟਰਪਤੀ ਨੂੰ ਬੇਦਖਲ ਕਰ ਦਿੱਤਾ ਹੈ। ਅਮਰੀਕੀ ਇਤਿਹਾਸ ਦੇ ਸਭ ਤੋਂ ਖਤਰਨਾਕ ਰਾਸ਼ਟਰਪਤੀ ਨੂੰ ਸੱਤਾ ਤੋਂ ਹਟਾ ਦਿੱਤਾ ਗਿਆ ਹੈ।ਉਨ੍ਹਾਂਕਿਹਾ ਕਿ ਡੋਨਾਲਡ ਟਰੰਪ ਵਾਈਟ ਹਾਊਸ ਛੱਡ ਦੇਣਗੇ, ਜੋਅ ਬਾਈਡਨ 20 ਜਨਵਰੀ ਨੂੰ 35 ਸ਼ਬਦਾਂ ਵਿੱਚ ਸਹੁੰ ਚੁੱਕਣਗੇ ਤੇ ਅਮਰੀਕੀ ਲੋਕਤੰਤਰ ਦਾ ਨਵੀਨੀਕਰਨ ਹੋਵੇਗਾ। ਅਮਰੀਕੀ ਕਹਾਣੀ ਦਾ ਨਵਾਂ ਚੈਪਟਰ ਸ਼ੁਰੂ ਹੋਵੇਗਾ। ਸਾਡੇ ਭਵਿੱਖ ਲਈ ਸੰਭਾਵਨਾਵਾਂ ਚੰਗੀਆਂ ਹਨ। ਸਾਡੇ ਸੁਫਨੇ ਸਾਡੇ ਦੇਸ਼ ਜਿੰਨੇ ਵੱਡੇ ਹਨ ਅਤੇ ਸਾਡੇ ਕੋਲ ਚੰਗਾ ਨੇਤਾ ਹੋਵੇਗਾ।

# ਜਿਨਪਿੰਗ ਵੱਲੋਂ ਚੀਨ-ਤਿੱਬਤ ਨੂੰ ਜੋੜਦੀ ਰੇਲ ਪਟੜੀ ਦੀ ਉਸਾਰੀ ਤੇਜ਼ ਕਰਨ ਦੇ ਹੁਕਮ

ਪੇਈਚਿੰਗ, 9 ਨਵੰਬਰ (ਪੋਸਟ ਬਿਊਰੋ)- ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਧਿਕਾਰੀਆਂ ਨੂੰ ਤਿੱਬਤ ਵਿੱਚ ਰੇਲ ਪਟੜੀ ਦਾ ਕੰਮ ਤੇਜ਼ੀ ਨਾਲ ਕਰਨ ਲਈ ਕਿਹਾ ਹੈ। 47.8 ਬਿਲੀਅਨ ਡਾਲਰ (319.8 ਬਿਲੀਅਨ ਯੁਆਨ) ਦਾ ਇਹ ਪ੍ਰੋਜੈਕਟ ਮੁਲਕ ਦੇ ਦੱਖਣ-ਪੱਛਮੀ ਸਿਚੁਆਨ ਸੂਬੇ ਨੂੰ ਤਿੱਬਤ ਦੇ ਲਿੰਨਝੀ ਨਾਲ ਜੋੜੇਗਾ, ਜੋ ਭਾਰਤੀ ਸਰਹੱਦ ਦੇ ਕਾਫੀ ਨੇੜੇ ਹੈ। ਇਹ ਭਾਰਤੀ ਸੂਬੇ ਅਰੁਣਾਚਲ ਪ੍ਰਦੇਸ਼ ਨਾਲ ਲੱਗਦਾ ਹੈ।



ਜਿਨਪਿੰਗ ਨੇ ਕਿਹਾ ਕਿ ਰੇਲ ਲਾਈਨ ਬਣਾਉਣ ਨਾਲ ਸਰਹੱਦੀ ਇਲਾਕਿਆਂ ਵਿੱਚ ਸਥਿਰਤਾ ਕਾਇਮ ਰੱਖਣ ਵਿੱਚ ਮਦਦ ਮਿਲੇਗੀ। ਇਸ ਤੋਂ ਪਹਿਲਾਂ ਇੱਕ ਹੋਰ ਰੇਲ ਪ੍ਰੋਜੈਕਟ ਵੀ ਉਸਾਰਿਆ ਜਾ ਰਿਹਾ ਹੈ। ਇਹ ਕਿੰਘਈ ਸੂਬੇ ਤੋਂ ਤਿੱਬਤ ਦੇ ਪਠਾਰ ਤੱਕ ਜਾਵੇਗਾ, ਜੋ ਭੂਗੋਲਿਕ ਤੌਰ 'ਤੇ ਵਿਸ਼ਵ ਦੇ ਸਭ ਤੋਂ ਸਰਗਰਮ ਇਲਾਕਿਆਂ ਵਿੱਚੋਂ ਇੱਕ ਹੈ। ਸਿਚੁਆਨ ਦੀ ਰਾਜਧਾਨੀ ਚੇਂਗਦੂ ਤੋਂ ਸ਼ੁਰੂ ਹੋ ਕੇ ਰੇਲ ਪਟੜੀ ਕੈਮਦੋ ਰਾਹੀਂ ਤਿੱਬਤ ਵਿੱਚ ਦਾਖਲ ਹੋਵੇਗੀ। ਇਸ ਨਾਲ ਚੇਂਗਦੂ ਤੋਂ ਲਹਾਸਾ ਤੱਕ ਦਾ ਸਫਰ 48 ਘੰਟੇ ਤੋਂ ਘਟ ਕੇ ਸਿਰਫ 13 ਘੰਟੇ ਰਹਿ ਜਾਵੇਗਾ। ਭਾਰਤ ਤੇ ਚੀਨ ਵਿਚਾਲੇ 3488 ਕਿਲੋਮੀਟਰ ਲੰਮੀ ਅਸਲ ਕੰਟਰੋਲ ਰੇਖਾ ਬਾਰੇ ਵਿਵਾਦ ਕਾਇਮ ਹੈ ਅਤੇ ਚੀਨ ਅਰੁਣਾਚਲ ਪ੍ਰਦੇਸ਼ ਨੂੰ ਦੱਖਣੀ ਤਿੱਬਤ ਦਾ ਹਿੱਸਾ ਮੰਨਦਾ ਹੈ। ਭਾਰਤ ਨੇ ਇਸ ਨੂੰ ਸਖਤੀ ਨਾਲ ਰੱਦ ਕੀਤਾ ਹੈ। ਲਿੰਨਝੀ ਵਿੱਚ ਹਵਾਈ ਅੱਡਾ ਵੀ ਹੈ। ਚੀਨ ਨੇ ਹਿਮਾਲਿਆ ਖਿੱਤੇ ਵਿੱਚ ਪੰਜ ਹਵਾਈ ਅੱਡੇ ਉਸਾਰੇ ਹਨ। ਉਸਾਰੀ ਜਾਣ ਵਾਲੀ ਰੇਲ ਪੱਟੜੀ 1011 ਕਿਲੋਮੀਟਰ ਲੰਮੀ ਹੈ ਤੇ ਇਸ ਦੇ 26 ਸਟੇਸ਼ਨ ਹੋਣਗੇ। ਰੇਲਗੱਡੀ 120-200 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਦੌੜੇਗੀ। ਇੱਕ ਵੀਡੀਓ ਕਾਨਫਰੰਸ ਵਿੱਚ ਸ਼ੀ ਜਿਨਪਿੰਗ ਨੇ ਪ੍ਰੋਜੈਕਟ ਨੂੰ ਮਹੱਤਵ ਪੂਰਨ ਦੱਸਿਆ ਤੇ ਕਿਹਾ ਕਿ ਚੀਨੀ ਕਮਿਊਨਿਸਟ ਪਾਰਟੀ ਨੂੰ ਇਸ ਉਸਾਰੀ ਨਾਲ ਤਿੱਬਤ 'ਤੇ ਸ਼ਾਸਨ ਕਰਨ ਵਿੱਚ ਮਦਦ ਮਿਲੇਗੀ।

# ਯੂ ਐਨ ਵਾਚ ਡੌਗ ਨੇ ਇਮਰਾਨ ਖਾਨ ਨੂੰ ਝਾੜ ਪਾਈ




ਯੂ ਐੱਨ ਓ, 9 ਨਵੰਬਰ (ਪੋਸਟ ਬਿਊਰੋ)- ਯੂ ਐਨ ਵਾਚ ਡੌਗ ਨੇ ਅਸਹਿਣਸ਼ੀਲ ਵਿਚਾਰਾਂ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਤਿੱਖੀ ਝਾੜ ਪਾਈ ਅਤੇ ਕਿਹਾ ਹੈ ਕਿ ਪਾਕਿਸਤਾਨ ਯੂ ਐਨ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਰਹਿਣ ਦੇ ਯੋਗ ਨਹੀਂ। ਪਾਕਿਸਤਾਨ ਨੂੰ ਕੁਝ ਸਮਾਂ ਪਹਿਲਾਂ ਯੂ ਐਨ ਮਨੁੱਖੀ ਅਧਿਕਾਰ ਕੌਂਸਲ ਲਈ ਮੁੜ ਚੁਣਿਆ ਗਿਆ ਸੀ। ਇਸ ਦੇਸ਼ ਦਾ ਮਨੁੱਖੀ ਅਧਿਕਾਰ ਰਿਕਾਰਡ ਦੁਨੀਆ 'ਚ ਸਭ ਤੋਂ ਖ਼ਰਾਬ ਹੈ।

ਵਰਨਣ ਯੋਗ ਹੈ ਕਿ 2 ਹਫ਼ਤੇ ਪਹਿਲਾਂ ਇੱਕ ਟੀਚਰ ਨੂੰ ਫਰਾਂਸ ਵਿੱਚ ਕਤਲ ਕਰ ਦਿੱਤਾ ਗਿਆ ਸੀ। ਉਸ ਦਾ ਕਤਲ ਇੱਕ ਇਸਲਾਮਿਕ ਵਿਅਕਤੀ ਨੇ ਕੀਤਾ ਸੀ। ਇਸ ਟੀਚਰ ਨੇ ਆਪਣੀ ਕਲਾਸ ਵਿੱਚ ਸ਼ਾਰਲੀ ਐਬਦੋ ਅਖਬਾਰ 'ਚ ਛਪੇ ਕਾਰਟੂਨ ਨੂੰ ਵਿਖਾਇਆ ਸੀ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕ੍ਰੋਨ ਨੇ ਸਪੱਸ਼ਟ ਕੀਤਾ ਸੀ ਕਿ ਫਰਾਂਸ ਵਿੱਚ ਇਸਲਾਮਿਕ ਕੱਟੜਪੰਥੀਆਂ ਅਤੇ ਅੱਤਵਾਦੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਸ ਪਿੱਛੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਦਲੀਲ ਦਿੰਦੇ ਹੋਏ ਇਸ ਘਟਨਾ ਨੂੰ ਢੁੱਕਵਾਂ ਦੱਸਿਆ ਸੀ ਅਤੇ ਕਿਹਾ ਸੀ ਕਿ ਅਧਿਆਪਕ ਨੇ ਇਸਲਾਮਿਕ ਪੈਗੰਬਰ ਦਾ ਕਾਰਟੂਨ ਵਿਖਾ ਕੇ ਪੈਗੰਬਰ ਦੀ ਤੌਹੀਨ ਕੀਤੀ ਸੀ।ਉਨ੍ਹਾਂ ਕਿਹਾ ਸੀ ਕਿ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਆਜ਼ਾਦੀ ਦੀ ਆੜ 'ਚ ਪੈਗੰਬਰ ਦੀ ਨਿੰਦਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਜੇਨੇਵਾ ਵਿਚਲੇ ਮਨੁੱਖੀ ਅਧਿਕਾਰ ਗਰੁੱਪ, ਜੋ ਕੌਮਾਂਤਰੀ ਅਦਾਰੇ ਦਾ ਇੱਕਲੌਤਾ ਮਾਨਤਾ ਪ੍ਰਾਪਤ ਵਾਚ ਡੌਗ ਹੈ, ਨੇ ਟਵੀਟਰ ਉੱਤੇ ਇਮਰਾਨ ਖਾਨ ਨੂੰ ਝਾੜ ਪਾਉਂਦੇ ਹੋਏ ਕਿਹਾ ਕਿ ਯੂ ਐਨ ਮਨੁੱਖੀ ਅਧਿਕਾਰ ਕੌਂਸਲ 'ਚ ਤੁਹਾਡੀ ਹਾਜ਼ਰੀ ਅਸਹਿਣ ਯੋਗ ਹੈ। ਇਸ ਪਿੱਛੋਂ ਪਾਕਿ ਸਰਕਾਰ ਨੇ ਯੂ ਐਨ ਵਾਚ ਡੌਗ 'ਤੇ ਮੁਸਲਮਾਨਾ ਵਿਰੁੱਧ ਸਪੱਸ਼ਟ ਅਗੇਤੇ ਅੰਦਾਜ਼ੇ ਨਾਲ ਇਸਰਾਈਲ ਹਮਾਇਤੀ ਗੈਰ ਸਰਕਾਰੀ ਸੰਗਠਨ ਹੋਣ ਦਾ ਦੋਸ਼ ਲਾਇਆ। ਟਵੀਟਰ ਉਤੇ ਪ੍ਰਧਾਨ ਮੰਤਰੀ ਇਮਰਾਨ ਵਿਰੁੱਧ ਟਿਪਣੀ ਦੇ ਜਵਾਬ ਵਿਚ ਡਿਜੀਟਲ ਮੀਡੀਆ ਸਲਾਹਕਾਰ ਖਾਲਿਬ ਨੇ ਕਿਹਾ ਕਿ ਐਨ ਜੀ ਓ ਦਾ ਯੂ ਐਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਪਰ ਇਸ ਨਾਲ ਇੱਕ ਚਰਚਾ ਛਿੜ ਗਈ ਹੈ।




ਇੱਕ ਦਿਨ ਜਦੋਂ ਅਸੀਂ ਸਾਰੇ
ਯਾਦ ਕਰਦੇ ਹਾਂ।
ਸਾਰੇ ਪਿਛੋਕੜਾਂ ਵਾਲੇ
ਓਨਟੈਰੀਓ ਵਾਸੀਆਂ ਨੇ ਮਾਣ
ਨਾਲ ਸਾਡੇ ਦੇਸ਼ ਦੀ ਸੇਵਾ
ਕੀਤੀ ਹੈ।
ਇਸ ਯਾਦਗਾਰੀ ਦਿਨ, ਸਾਡੇ
ਸਾਬਕਾ ਫ਼ੌਜੀਆਂ ਨੂੰ ਮਾਣ ਦੇਣ
ਵਿੱਚ ਸਾਡੇ ਨਾਲ ਸ਼ਾਮਲ ਹੋਵੋ।
ਨਵੰਬਰ 11
ontario.ca/RemembranceDay
ਇਸਦੇ ਲਈ ਭੁਗਤਾਨ ਓਟੈਰੀਓ ਦੀ ਸਰਕਾਰ ਦੁਆਰਾ ਕੀਤਾ ਗਿਆ
ਪੋਪੀ ਡਜ਼ਾਈਨ ਰੋਇਲ ਕੈਨੇਡੀਅਨ ਲੀਜੀਅਨ, ਡੋਮੀਨੀਅਨ ਕਮਾਂਡ ਦਾ ਰਜਿਸਟਰਡ ਟ੍ਰੇਡਮਾਰਕ ਹੈ ਅਤੇ ਲਾਇਸੈਂਸ ਅਧੀਨ ਵਰਤਿਆ ਗਿਆ ਹੈ.
Ontario


ASIAN FOOD CENTRE
KARWA CHAUTH DIWALI SALE
www.AsianFoodCentre.com
30TH OCT TO 15TH NOV 2020
Fresh Fruits, Vegetables, Indian & Canadian Grocery
$7.99 HERO ATTA
$9.99 AASHIRVAAD ATTA 20LB
$10.99 AASHIRVAAD SELECT ATTA 20LB
$8.99 TAJ ATTA
$2.99 KTC MUSTARD OIL (750 ML)
$11.99 817 RICE
$7.99 INDIA GATE ROZZANA RICE
$8.99 ASIAN BASMATI RICE
$11.99 DAAWAT RICE
$5.99 QUALITY IDLI RICE
$2.99 HAPPY PANEER
$3.99 MOTHER'S DAIRY PANEER
$2.29 DEEP KESAR MANGO PULP
$17.99 TRUST SUGAR
$0.79 BRITANNIA TIGER GLUCOSE BISCUIT (300G)
$1.29 BR MILK & WHEAT RUSK (305G)
$3.99 MOTHER FOOD MAKHANI (250G)
$3.99 HEINZ KETCHUP
$0.99 MR. GOUDAS SALT
$2.99 DABUR MUSTARD OIL
$6.99 APNA TASTE RASMALAI
$4.99 GOLDEN COOKIES
$1.49 MR GOUDAS CHICK PEAS
$3.99 ALMONDS
$1.99 LINDA SOAP (270G)
$4.99 BIKANERI COOKIES
$1.99 SAFFRON
$9.99 TETLEY TEA
$6.99 RED LABEL TEA
2 FOR $5.00 DABUR REAL JUICE 1L
$2.99 CHANA DAL
$2.99 BLACK CHANA
$2.99 RED LENTILS
$8.99 KASTOORI TOOR DAL (10LB)
$2.99 WHITE CHANA
$7.99 KTC SUNFLOWER OIL (3L)
$1.49 MR GOUDAS RED KIDNEY BEANS (540ML)
$1.49 Y & Y CHOWMEIN NOODLES (454G)
$0.99 SANTOSH NAAN
$9.99 WAGHBAKRI TEA
$2.99 BR MILK RUSK (560G)
$1.29 YIPPEE MASALA NOODLES (280G)
$7.99 MAZOLA CORN OIL (2.84L)
$19.99 BRAR DESI GHEE (3.5LB)
$7.99 BRAR RASMALAI
$5.99 ALSHIFA HONEY
$1.99 BR GOODDAY COOKIES
$3.99 PUNJABI COOKIES
$4.99 APNA TASTE GULAB JAMUN
$3.29 INDIAN ROOHAFZA (800G)
$3.99 BRAR BESAN
$3.99 MEERA BESAN
$7.99 TEA INDIA
$1.79 REDPATH SUGAR (2KG)
$4.99 APNA TASTE ALOO TIKKI
$2.49 BOURBON BISCUITS (390GM)
$1.89 SURATI SNACKS
$2.29 PALMOLIVE DISHSOAP
$3.99 PUNJABI COOKIES
$0.59 GOODDAY COOKIES
WE HAVE FIRE CRACKERS AVAILABLE AT SOME LOCATIONS
WE HAVE LARGE QUANTITY OF KARWA ITEMS GLASS BANGLES & ALL DIWALI ITEMS
ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media

